# ਪੱਤਝੜ

ਜਸਵਿੰਦਰ ਦੂਹੜਾ



# ਪੱਤਝੜ

ਕਾਵਿ ਸੰਗ੍ਰਹਿ

ਲੇਖਕ : ਜਸਵਿੰਦਰ ਦੂਹੜਾ
ਪਿੰਡ+ਡਾਕ. ਦੂਹੜੇ
ਜ਼ਿਲ੍ਹਾ ਜਲੰਧਰ-144302
ਪੰਜਾਬ (ਭਾਰਤ)
ਫੋਨ ਨੰ 9872336944
E-MAIL s.jaswinder97@yahoo.com

ਸੰਪਾਦਕ : ਸੁਖਵਿੰਦਰ ਸਿੰਘ (ਐਮ.ਏ.ਐਮ.ਫਿਲ)

ਪ੍ਰਕਾਸ਼ਕ : ਵੇਦਨਾ ਪ੍ਰਕਾਸ਼ਨ
ਪਿੰਡ+ਡਾਕ. ਦੂਹੜੇ
ਜ਼ਿਲ੍ਹਾ ਜਲੰਧਰ-144302
ਪੰਜਾਬ (ਭਾਰਤ)
ਫੋਨ- 0181-2716290

© : ਲੇਖਕ

ਪਹਿਲੀ ਵਾਰ : 2008

# ਪੱਤਝੜ



ਕਾਵਿ ਸੰਗ੍ਰਹਿ

ਉਹਨਾਂ ਦੇ ਨਾਂ
ਜਿਹਨਾਂ ਦੇ ਲਈ
ਜ਼ਿੰਦਗੀ ਦੇ
ਸਾਰੇ ਸੁਫ਼ਨਿਆਂ ਨੂੰ
ਤਿਲਾਂਜਲੀਦੇ ਦਿੱਤੀ ।।

# PATJHAR

*(A COLLECTION OF POEMS)*

*BY*

*JASWINDER DUHRA*

E-MAIL - s.jaswinder97@yahoo.com

*EDITOR :-*

*SUKHWINDER SINGH (M.A. M. PHIL.)*

*PUBLISHED BY :-*

*VEDNA PUBLICATION*
*V. & P.O. DUHRE*
*DISTT. JALANDHAR - 144302*
*PUNJAB (INDIA)*
*PH. NO. 9914119098*

© *JASWINDER DUHRA*

*TYPE SETTING & TITAL :-*

*DUHRA COMPUTER'S*
*BY KAMALJIT KAUR*

*1st EDITION : 2007*

*price library : 80 /-RS.*
*paper back : 50/-RS.*

# ਵਿਉਂਤਬੰਦੀ




ਆਰਸੀ/6
ਸਰਦ ਰੁੱਤਾਂ ਦੀ ਦਾਸਤਾਨ : ਪੱਤਝੜ/9
ਪਰਵਾਸੀ/11
ਗੀਤ/13
ਗੀਤ/15
ਵਿਜੋਗਣ/17
ਤਕਦੀਰ/18
ਗੁਰਬਤ ਦਾ ਗੀਤ/20
ਸਰਾਪ/22
ਗੀਤ/24
ਸੁਨੇਹਾ/26
ਰੁੱਖੜਾ/29
ਗੀਤ/31
ਨਜ਼ਰ/32
ਮੇਲਾ ਵਿਛੜਦਾ ਜਾਂਦਾ/34
ਰੱਤ ਦੇ ਅੱਥਰੂ/36
ਤਿੜਕੀ ਹੋਈ ਹੋਂਦ/38
ਇਕ ਗੀਤ ਮੇਰੇ ਹਾਣ ਦਾ/42
ਗੀਤ/44
ਪੱਤਝੜ/45
ਗੀਤ/47
ਗੀਤ/49
ਹਲਫ਼ ਨਾਮਾ/51
ਹਿਜ਼ਰ ਦਾ ਹਾੜ/56
ਗੀਤ/58
ਸਵਾਂਤੀ ਬੂੰਦ/60
ਗੀਤ/66
ਗੀਤ/67
ਜ਼ਖ਼ਮ/69
ਤਮੰਨਾ/74
ਮੈਂ/76
ਕੰਜਕਾਂ/80
ਕਾਸ਼/82
ਗੀਤ/85
ਯਾਦ/87
ਚੁੱਪ ਦਾ ਸਫ਼ਰ/91
ਲਾਵਾ/95

# ਆਰਸੀ

ਜਸਵਿੰਦਰ ਸਮਕਾਲੀ ਪੰਜਾਬੀ ਸ਼ਾਇਰੀ ਦਾ ਇਕ ਉੱਭਰਦਾ ਹਸਤਾਖ਼ਰ ਹੈ। 'ਪੱਤਝੜ' ਉਸਦਾ ਪਹਿਲਾ ਕਾਵਿ ਸੰਗ੍ਰਿਹ ਹੈ । ਉਸਦੀ ਸਮੁੱਚੀ ਕਵਿਤਾ ਆਧੁਨਿਕ ਮਨੁੱਖ ਦੀ ਵੇਦਨਾ ਦਾ ਪ੍ਰਗਟਾਵਾ ਹੈ । ਇਹ ਉਸਦੇ ਡੂੰਘੇ ਆਤਮਿਕ ਰੋਹ ਵਿੱਚੋਂ ਪੈਦਾ ਹੁੰਦੀ ਹੈ। ਮਨੁੱਖੀ ਜ਼ਿੰਦਗੀ ਵਿਚਲਾ ਖ਼ਾਲੀਪਨ 'ਤੇ ਭਟਕਣ ਉਸਦੀ ਕਵਿਤਾ ਦੇ ਪ੍ਰੇਰਣਾ ਸਰੋਤ ਹਨ । ਉਸਦੇ ਕਾਵਿ ਪਾਤਰਾਂ ਦੀ ਹਰ ਹਾਰ ਦੇ ਪਿੱਛੇ ਉਸਦੀ ਸ਼ਾਨਦਾਰ ਜਿੱਤ ਨਜ਼ਰ ਆਉਂਦੀ ਹੈ। ਉਹਨਾਂ ਦੇ ਸੀਨੇ ਵਿੱਚ ਧੁਖ਼ਦੇ ਜਲਜਲੇ ਕਿਸੇ ਇਤਿਹਾਸ ਨੂੰ ਜਨਮ ਦੇਣਾ ਲੋਚਦੇ ਹਨ । ਉਹਨਾਂ ਦੀ ਮਾਨਸਿਕ ਪੀੜਾ ਉਹਨਾਂ ਦੇ ਅੰਦਰ ਦੀ ਤੜਪ ਉਹਨਾਂ ਨੂੰ ਇਕ ਥਾਂ ਟਿਕ ਕੇ ਨਹੀਂ ਬਹਿਣ ਦਿੰਦੀ । ਉਹ ਇਸ ਪੀੜਾ ਦੀ ਨਵਿਰਤੀ ਚਾਹੁੰਦੇ ਹੋਏ ਆਖਦੇ ਹਨ ....

ਇਕਲਾਪੇ ਤੋਂ ਤੰਗ ਆਕੇ ਸੋਚਾਂ
ਮੈਂ ਦੂਰ ਕਿੱਧਰੇ ਚਲਿਆ ਜਾਵਾਂ
ਜਿੱਥੇ ਜਾਣੇ ਨਾ ਮੈਨੂੰ ਮੇਰਾ ਆਪਾ ਵੀ
ਨਾ ਹੀ ਜਾਣੇ ਕੋਈ ਮੇਰਾ ਸਰਨਾਵਾਂ.......

ਇਹ ਕੌਣ ਹੈ ਜਿਹੜਾ ਇਕਲਾਪੇ ਤੋਂ ਤੰਗ ਆਕੇ ਕਿੱਧਰੇ ਦੂਰ ਜਾਣਾ ਚਾਹੁੰਦਾ ਹੈ । ਇੰਨੀ ਦੂਰ ਜਿੱਥੇ ਕੋਈ ਉਸਦਾ ਸਿਰਨਾਵਾਂ ਤੱਕ ਵੀ ਨਾ ਜਾਣਦਾ ਹੋਵੇ।ਅਸਲ ਵਿੱਚ ਅੱਜ ਦੇ ਮਨੁੱਖ ਦਾ ਜੀਵਨ ਇੰਨਾਂ ਜਟਿਲ ਹੋ ਚੁੱਕਾ ਹੈ ਕਿ ਉਸ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਦੀ ਚਿੰਤਾਂ ਅੰਦਰੋਂ-ਅੰਦਰੀ ਖਾ ਰਹੀ ਹੈ । ਗਲੋਬਲ ਸਭਿਆਚਾਰ ਦੇ ਪ੍ਰਭਾਵ ਸਦਕਾ ਡੂੰਘੀ ਚਿੰਤਾਂ ਵਿੱਚ ਗ੍ਰਸਥ ਅੱਜ ਦੇ ਮਨੁੱਖ ਦੀਆਂ ਦੱਬੀਆਂ-ਘੁੱਟੀਆਂ ਆਵਾਜਾਂ ਅਤੇ ਸੰਨਾਟਿਆਂ ਨਾਲ ਉਸਦੇ ਸੰਵਾਦ ਨੂੰ ਜਸਵਿੰਦਰ ਦੀ ਕਵਿਤਾ ਵਿੱਚ ਸੁਣਿਆ 'ਤੇ ਮਹਿਸੂਸ ਕੀਤਾ ਜਾ ਸਕਦਾ ਹੈ । ਇਹ ਆਧੁਨਿਕ ਮਨੁੱਖ ਦੀ ਹੀ ਹੋਣੀ ਹੈ ਕਿ ਉਹ ਭੀੜ ਵਿਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਿਹਾ ਹੈ ਅਤੇ ਇਸ ਇਕਲਾਪੇ ਤੋਂ ਤੰਗ ਆ ਕੇ ਉਹ ਕਿੱਧਰੇ ਦੂਰ ਚਲਿਆ ਜਾਣਾ ਲੋਚਦਾ ਹੈ।ਜਸਵਿੰਦਰ ਦਾ ਕਾਵਿ-ਸੰਗ੍ਰਹਿ ਪੜ੍ਹਦੇ ਮੈਂ ਅਨੇਕਾ ਅਨੁਭਵਾਂ ਵਿਚੋਂ ਦੀ ਲੰਘਿਆਂ ਹਾਂ । ਉਸਦੀ ਕਵਿਤਾ ਸਿਰਫ਼ ਕਿਸੇ ਦੀ ਯਾਦ ਵਿੱਚ ਹੀ ਸ਼ਾਮ ਵੇਲੇ ਇਕੱਲਿਆਂ ਬੈਠਕੇ ਲਿਖੀ ਕਵਿਤਾ ਨਹੀਂ ਹੈ ਬਲਕਿ ਇਹ ਤਾਂ ਇਕ ਤੜਪਦੀ ਰੂਹ ਦਾ ਵਿਰਲਾਪ ਹੈ। ਇਹਨਾਂ ਵਿਚਲੀ ਤੜਪ,ਭਟਕਣ, ਉਦਾਸੀ ਕਿਸੇ ਇਕ ਮਨ ਦੀ ਤੜਪ, ਭਟਕਣ ਜਾਂ ਉਦਾਸੀ ਨਹੀਂ ਇਹ ਤਾਂ ਹਰ ਉਸ ਮਨ ਦੀ ਗੱਲ ਕਰਦੇ ਹਨ ਜਿਸਨੇ ਜ਼ਿੰਦਗੀ ਦੇ ਹਾਣ ਦਾ ਹੋ ਕੇ ਜਿਊਣ ਦੀ ਕੋਸ਼ਿਸ਼ ਕੀਤੀ ਹੋਵੇ। ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਆਦਮੀ ਦਾ ਸਭ ਤੋਂ ਵੱਡਾ ਸੰਤਾਪ ਉਸਦਾ ਆਦਮੀ ਹੀ ਹੋਣਾ ਹੈ।

*ਇਸ ਹੱਡ-ਮਾਸ ਦੇ ਪੁਤਲੇ ਨੂੰ ਆਦਮੀ ਬਣਨ ਲਈ ਕਈ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ, ਕਈ ਕੁਝ ਕਰਨਾ ਪੈਂਦਾ ਹੈ, ਜਰਨਾ ਪੈਂਦਾ ਹੈ, ਪਲ-ਪਲ ਮਰਨਾ ਪੈਂਦਾ ਹੈ 'ਤੇ ਮਰ-ਮਰ ਕੇ ਜਿਉਣਾ ਪੈਂਦਾ ਹੈ । ਇਸ ਹੱਡ ਮਾਸ ਦੇ ਪੁਤਲੇ ਤੋਂ ਇਨਸਾਨ ਬਣਨ ਤੱਕ ਜਿਹਨਾਂ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਉਹਨਾਂ ਦਾ ਵਿਖਿਆਨ ਜਸਵਿੰਦਰ ਦੀ ਕਵਿਤਾ ਵਿਚ ਮਿਲਦਾ ਹੈ। ਕਿਸੇ ਵਿਦਵਾਨ ਨੇ ਲਿਖਿਆ ਹੈ "ਮਾਨਵ, ਭਾਸ਼ਾ,ਸਮਾਂ 'ਤੇ ਸਥਾਨ ਇਕ ਦੂਜੇ ਨੂੰ ਸਿਰਜਦੇ ਹਨ, ਕਵਿਤਾ ਇਸਦਾ ਸ਼ਾਬਦਿਕ ਪ੍ਰਦਰਸ਼ਨ ਹੈ।" ਅਸੀਂ ਜਦੋਂ ਕਿਸੇ ਕਵਿਤਾ ਜਾਂ ਸਾਹਿੱਤਕ ਸਿਨਫ਼ ਦਾ ਅਧਿਐਨ ਕਰ ਰਹੇ ਹੁੰਦੇ ਹਾਂ ਤਾਂ ਵਾਸਤਵ ਵਿਚ ਅਸੀਂ ਉਸ ਸਮੇਂ 'ਤੇ ਸਮਾਜ ਦਾ ਅਧਿਐਨ ਕਰ ਰਹੇ ਹੁੰਦੇ ਹਾਂ ਜਿਸ ਵਿਚ ਕਵੀ ਮਨ ਵਿਚਰਿਆ ਹੁੰਦਾ ਹੈ ਜਾਂ ਵਿਚਰ ਰਿਹਾ ਹੁੰਦਾ ਹੈ । ਕਵੀ ਤਤਕਾਲ਼ੀਨ ਸਮਾਜ ਤੋਂ ਪ੍ਰੇਰਿਤ ਹੋ ਕੇ ਆਪਣੇ ਆਪ ਨੂੰ ਜਾਗਰੂਕ ਅਵਸਥਾ ਵਿਚ ਲੈ ਆਉਂਦਾ ਹੈ ਅਤੇ ਉਸ ਦੀ ਇਹ ਅਵਸਥਾ ਕਾਵਿ ਵਿਚ ਰੂਪਾਂਤਰਿਤ ਹੁੰਦੀ ਹੈ।*

*ਜਸਵਿੰਦਰ ਨੇ ਜਿਹਨਾਂ ਦਿਨਾਂ ਵਿਚ ਲਿਖਣਾ ਸ਼ੁਰੂ ਕੀਤਾ ਇਹ ਉਹ ਸਮਾਂ ਸੀ ਜਦੋਂ ਪੂਰਾ ਪੰਜਾਬ ਅਤੇ ਪੰਜਾਬੀਅਤ ਦਹਿਸ਼ਤ ਦੇ ਸਾਏ ਹੇਠ ਸਾਹ ਲੈ ਰਹੀ ਸੀ। ਦਹਿਸ਼ਤ, ਵਹਿਸ਼ਤ ਅਤੇ ਜ਼ੁਲਮ ਦਾ ਨੰਗਾ ਨਾਚ ਚਾਰੇ ਪਾਸੇ ਹੋ ਰਿਹਾ ਸੀ। ਇਸੇ ਕਰਕੇ ਉਸਦੀ ਕਵਿਤਾ ਉਸ ਸੰਤਾਪ ਨਾਲ ਵੀ ਸਬੰਧਤ ਹੈ ਜਿਸਨੂੰ ਹਰ ਪੰਜਾਬੀ ਨੇ ਆਪਣੇ ਤਨ ਮਨ 'ਤੇ ਹੰਡਾਇਆ ਹੈ, ਪੰਜਾਬੀ ਹੀ ਨਹੀਂ ਸਗੋਂ ਵਿਸ਼ਵ ਦੀ ਹਰ ਕਲਮ ਨੇ ਇਸਦਾ ਵਿਰਲਾਪ ਕੀਤਾ। ਉਹ ਇਸ ਤ੍ਰਾਸਦੀ ਨੂੰ ਇਸ ਸ਼ਿੱਦਤ ਨਾਲ ਪੇਸ਼ ਕਰਦਾ ਹੈ ਕਿ ਜ਼ੁਲਮ ਦੀ ਮੂੰਹ ਬੋਲਦੀ ਤਸਵੀਰ ਪਾਠਕ ਦੇ ਸਾਹਮਣੇ ਪ੍ਰੱਤਖ ਰੂਪ ਵਿਚ ਸਾਕਾਰ ਹੋ ਜਾਂਦੀ ਹੈ ਮਿਸਾਲ ਵਜੋਂ ਉਹ ਲਿਖਦਾ ਹੈ.....*

*ਇੱਥੇ ਵੱਸਦੇ ਘਰ ਜਾਲਮਾਂ*
*ਕੀਤੇ ਪਲਾਂ ਦੇ ਵਿੱਚ ਤਬਾਹ*
*ਇੱਥੇ ਕਲੀਆਂ ਫੁੱਲ ਗੁਲਾਬ ਦੇ*
*ਦਿੱਤੇ ਤੋੜਕੇ ਸੁਕਣੇ ਪਾ*
*ਮੰਡੇਰ 'ਤੇ ਗਾਉਂਦੀਏ ਚਿੜੀਏ.....।*

*ਇੱਥੇ ਸੁਹਾਗ ਨੂੰ ਰੋਣ ਸੁਵਾਣੀਆ*
*ਮਾਂ ਰੋਵੇ ਪੁੱਤ ਲਈ ਸੱਥਰ ਵਿਛਾ*
*ਹੁਣ ਬਲਦੇ ਸਿਵੇ ਨਹੀਂ ਬੁਝਦੇ*
*ਅਸੀਂ ਥੱਕੇ ਹੰਝੂਆਂ ਦਾ ਮੀਂਹ ਵਰਸਾ*
*ਮੰਡੇਰ 'ਤੇ ਗਾਉਂਦੀਏ ਚਿੜੀਏ.....।*

*ਉਸਦੀ ਕਵਿਤਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਹੈ, ਉਸਦਾ ਸਵੈ ਕੇਂਦਰਿਤ ਹੋ ਕੇ ਆਤਮ ਸੰਵਾਦ ਰਚਾਉਣਾ , ਉਹ ਇਸ ਗੱਲ ਨਾਲ ਸਬੰਧਿਤ ਨਹੀਂ ਕਿ ਇਹਨਾਂ ਸ਼ਬਦਾ ਨੂੰ ਕੋਈ ਹੋਰ ਸੁਣੇਗਾ ਜਾਂ ਨਹੀਂ, ਕੋਈ ਹੋਰ ਸਮਝੇਗਾ ਜਾਂ ਨਹੀਂ । ਉਹ ਤਾਂ ਤਨਾਓ ਤੋਂ ਮੁਕਤੀ ਹਾਸਲ ਕਰਨ ਲਈ ਸ਼ਾਬਦਿਕ ਅਭਿਵਿਆਕਤੀ ਦਾ ਰਸਤਾ ਚੁਣਦਾ ਹੈ ਉਹ ਸਭ ਤੋਂ ਸਹੀ ' ਤੇ ਉਚਿੱਤ ਸ਼ਬਦ - ਵਿਵਸਥਾ ਸਿਰਜ ਕੇ ਤਸੱਲੀ 'ਤੇ ਸਕੂਨ ਮਹਿਸੂਸ ਕਰਦਾ ਹੈ।*

*ਉਸਦੀ ਕਵਿਤਾ ਉਸਦੇ ਮਨ ਦੀ ਸੰਵੇਦਨਸ਼ੀਲਤਾ, ਉਸਦੇ ਭਾਵ-ਅਨੁਭਾਵ,ਦੁੱਖ-ਸੁਖ ਆਦਿ ਨੂੰ ਪ੍ਰਗਟ ਕਰਦੀ ਹੈ । ਇਸ ਵਿਚਲਾ ਮੌਲਿਕ ਸ਼ਿਲਪ ਵਿਧਾਨ ਜਿਸ ਨਾਲ ਉਹ ਸੂਖਮ ਤੋਂ ਸੂਖਮ ਭਾਵ ਨੂੰ ਸਥੂਲ ਬਿੰਬਾਂ ਰਾਹੀ ਮੂਰਤੀਮਾਨ ਕਰ,ਪ੍ਰਤੀਕਾਂ ਰਾਹੀਂ ਆਦ੍ਰਿਸ਼ ਨੂੰ ਦ੍ਰਿਸ਼ਟਮਾਨ ਕਰ ਦਿੰਦਾ ਹੈ, ਇਹ ਵਿਧਾਨ ਪਾਠਕ ਨੂੰ ਅਕ੍ਰਸ਼ਿਤ ਕਰਨ ਵਾਲਾ ਹੈ ਮਿਸਾਲ ਵਜੋਂ.......*

*ਦਿਲ ਦੀਆਂ ਸੱਧਰਾਂ ਦਾ ਹਰਿਆ-ਭਰਿਆ ਰੁੱਖੜਾ*
*ਜਿਉਂ ਜਿਉਂ ਤਕਦੀਰ ਮੇਰੀ ਸੁੱਕਾ ਰਹੀ ਹੈ*
*ਜ਼ਿੰਦਗੀ ਦੀਆਂ ਰਾਹਵਾਂ 'ਤੋਂ ਉਮਰ ਦੀ ਪੈੜ*
*ਤਿਉਂ ਤਿਉਂ ਮਿੱਟਦੀ ਹੀ ਜਾ ਰਹੀ ਹੈ.....*
.........................................
.........................................

*ਜਿਆਦਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਮੈਂ ਕੇਵਲ ਏਨਾਂ ਹੀ ਕਹਿਣਾ ਚਾਹਾਂਗਾ ਕਿ ਜਸਵਿੰਦਰ ਦੀ ਕਵਿਤਾ ਨਿਰੰਤਰਤਾ ਅਤੇ ਇਕਸਾਰਤਾ ਦਾ ਸੁਜੱਗ ਸੁਮੇਲ ਹੈ। ਇਸ ਵਿਚੋਂ ਉਸ ਦੀ ਵਿਅਕਤੀਗਤ ਭਾਵੁਕਤਾ ਅਤੇ ਉਸਦਾ ਇਤਿਹਾਸਕ-ਮਿਥਿਹਾਸਕ ਬੋਧ ਪ੍ਰਗਟ ਹੁੰਦਾ ਹੈ। ਉਸਦੀ ਕਵਿਤਾ ਦੇ ਮੂੰਹ-ਮੁਹਾਂਦਰੇ ਲੈਅ ਪਾਠਕ ਨੂੰ ਕੀਲ ਕੇ ਰੱਖਣ ਵਾਲੇ ਹਨ । ਇਕ ਅਜੀਬ ਕਿਸਮ ਦਾ ਦਰਦ ਹੈ ਇਹਨਾਂ ਵਿਚ, ਕਦੇ ਨਾ ਖ਼ਤਮ ਹੋਣ ਵਾਲੀ ਭਟਕਣ, ਆਵਾਰਾਪਨ, ਵਣਜਾਰਾਪਣ ਹੈ, ਬ੍ਰਿਹਾਂ ਅੰਦਰ ਤੜਪਦੀ ਕਿਸੇ ਕੋਇਲ ਦੀ ਦਰਦ ਭਰੀ ਹੂਕ ਹੈ ਇਹਨਾਂ ਗੀਤਾਂ/ਨਜ਼ਮਾਂ ਵਿਚ । ਇਹ ਤੜਪ, ਭਟਕਣ ਉਸਦੀ ਨਿੱਜੀ ਵੀ ਹੈ 'ਪਰ' ਦੀ ਵੀ। ਭਾਵੇਂ ਉਹ ਰੋਜ਼ੀ ਦੀ ਤਲਾਸ਼ ਵਿਚ ਭਟਕਦੇ ਆਦਮੀ ਦੀ ਗੱਲ ਕਰ ਰਿਹਾ ਹੋਵੇ ਜਾਂ ਆਪਣੇ ਸੱਜਣ ਤੋਂ ਵਿਛੜੀ ਬਿਰਹਨ ਦਾ ਹਾਲ ਬਿਆਨ ਕਰ ਰਿਹਾ ਹੋਵੇ ਉਹ ਕਿਤੇ ਵੀ ਸੁਰ,ਤਾਲ ਅਤੇ ਲੈਅ ਟੁਟਣ ਨਹੀਂ ਦਿੰਦਾ । ਉਸਦੇ ਕਾਵਿ ਜਗਤ ਵਿਚਲਾ ਪਾਤਰ ਦੁਬਿਧਾਵਾਂ ਦਾ ਸ਼ਿਕਾਰ ਹੋਇਆ ਆਪਣੇ ਆਪ ਨੂੰ ਵਿਖੇਰਦਾ, ਸਮੇਟਦਾ, ਵਿਰੋਧਾਭਾਸੀ, ਨਿਰਾਸ਼ , ਤਨਾਓ ਗ੍ਰਸਤ, ਡਰਿਆ ਹੋਇਆ ਨਜ਼ਰ ਆਉਂਦਾ ਹੈ। ਕਿਤੇ ਉਹ ਜ਼ਿੰਦਗੀ ਦੀ ਐਬਸਰਡਿਟੀ ਤੋਂ ਤੰਗ ਆਕੇ ਕਿਧਰੇ ਦੂਰ ਚਲੇ ਜਾਣਾ ਲੋਚਦਾ ਹੈ ਜਾਂ ਮੌਤ ਨੂੰ ਗਲ਼ ਲਗਾਉਣਾ ਲੋਚਦਾ ਹੈ । ਇਹ ਜਸਵਿੰਦਰ ਦੀ ਕਾਵਿ ਪ੍ਰਤਿਭਾ ਦੀ ਸਮੱਰਥਾ ਹੈ ਕਿ ਉਸਦੀ ਕਵਿਤਾ ਅੱਜ ਦੇ ਮਨੁੱਖ ਦੀ ਹੋਂਦ ਦੀ ਬਹੁ-ਪਰਤਤਾ, ਬਹੁ-ਮੁਖਤਾ 'ਤੇ ਬਹੁ-ਪੱਖਤਾ ਨੂੰ ਰੂਪਮਾਨ ਕਰ ਸਕਦੀ ਹੈ।*

*ਹੱਥਲੀ ਪੁਸਤਕ ਪੰਜਾਬੀ ਸਾਹਿਤ ਦੇ ਖਜ਼ਾਨੇ ਵਿਚ ਇਕ ਬਹੁ-ਮੁੱਲਾ ਰਤਨ ਸਾਬਿਤ ਹੋਵੇਗੀ। ਮੈਂ ਆਸ ਕਰਦਾ ਹਾਂ ਕਿ ਪਾਠਕ ਅਤੇ ਆਲੋਚਕ ਇਸ ਪੁਸਤਕ ਦਾ ਤਹਿ ਦਿਲੋਂ ਸਵਾਗਤ ਕਰਨਗੇ ਅਤੇ ਇਸ ਸੰਬੰਧੀ ਆਪਣੇ ਮਹੱਤਵ- ਪੂਰਨ ਨਿਰਣੈ ਲੇਖਕ/ ਸੰਪਾਦਕ ਨੂੰ ਤੁਰੰਤ ਭੇਜਣਗੇ। ਇਸੇ ਆਸ ਹਿਤ...........*

*14.8.2006* **ਸੁਖਵਿੰਦਰ ਸਿੰਘ** (ਐਮ. ਏ. ਐਮ. ਫਿਲ.)

# ਸਰਦ ਰੁੱਤਾਂ ਦੀ ਦਾਸਤਾਨ :'ਪੱਤਝੜ'

**ਪੱ**ਤਝੜ ਜਸਵਿੰਦਰ ਦਾ ਪਲੇਠਾ ਕਾਵਿ-ਸੰਗ੍ਰਹਿ ਹੈ।ਅੱਜ ਸਮਕਾਲੀ ਕਵਿਤਾ ਵਿੱਚ ਜਦੋਂ ਹਰ ਕਵੀ (ਚਾਹੇ ਉਹ ਨਵਾਂ ਹੋਵੇ ਜਾਂ ਸਥਾਪਿਤ) ਆਪਣੇ ਆਪ ਨੂੰ ਸਥਾਪਿਤ ਕਰਨ ਲਈ ਗ਼ਜ਼ਲ ਵੱਲ ਦੌੜ ਰਿਹਾਂ ਹੈ, ਉਸ ਦੌੜ ਵਿਚੋਂ ਜਸਵਿੰਦਰ ਦਾ ਗੀਤਾਂ 'ਤੇ ਨਜ਼ਮਾਂ ਵੱਲ ਪਰਤਣਾ ਹੀ ਉਸਦੀ ਕਾਵਿ-ਵਿਲੱਖਣਤਾ ਹੈ। ਉਸ ਦੇ ਗੀਤਾਂ ਵਿੱਚ ਲੋਕ-ਗੀਤਾਂ ਵਾਲੀ ਮੁਹਾਰ 'ਤੇ ਸਾਦਗੀ ਹੈ।ਲੰਮੀਆਂ ਨਜ਼ਮਾਂ ਉਸਦੀ ਕਾਵਿ-ਸੂਝ ਦਾ ਪ੍ਰਗਟਾ ਹਨ। ਸਭਿਆਚਾਰਕ ਬਿੰਬਾਂ 'ਤੇ ਪ੍ਰਤੀਕਾਂ ਦੀ ਵਰਤੋਂ ਕਾਵਿ ਨੂੰ ਸੁਹਜਾਤਮਕ ਬਣਾਉਂਦੀ ਹੈ।

ਜੇ ਅਸੀਂ 'ਪੱਤਝੜ' ਵਿੱਚ ਪੇਸ਼ ਥੀਮਕ ਪਾਸਾਰਾਂ ਦੀ ਗੱਲ ਕਰੀਏ ਤਾਂ ਜਸਵਿੰਦਰ ਦੀ ਵਿਚਾਰਾਤਮਕ ਪੁਖ਼ਤਗੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਹ ਮਰਦ ਕਵੀ ਹੋਣ ਦੇ ਬਾਵਜੂਦ ਵੀ ਇਸਤਰੀ ਮਨ ਦੀ ਵੇਦਨਾ ਨੂੰ ਜਿਸ ਸ਼ਿੱਦਤ ਨਾਲ ਮਹਿਸੂਸਦਾ 'ਤੇ ਬਿਆਨਦਾ ਹੈ, ਉਸਤੋਂ ਉਸਦੀ ਅਤਿਸੂਖਮਭਾਵੀ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ।

ਕਾਵਿ-ਪੁਸਤਕ ਵਿਚ ਦਰਜ 'ਹਲਫ਼ਨਾਮਾ' ਨਾਮੀ ਕਵਿਤਾ ਸ਼ਾਇਦ ਪੰਜਾਬੀ ਵਿੱਚ ਆਪਣੀ ਕਿਸਮ ਦੀ ਅਜਿਹੀ ਪਹਿਲੀ ਕਵਿਤਾ ਹੈ, ਜਿਸ ਵਿਚ ਇਕ ਮਰਦ ਇਤਿਹਾਸ,ਮਿਥਿਹਾਸ 'ਤੇ ਸਮਕਾਲ ਵਿੱਚ ਔਰਤ ਨਾਲ ਹੋਏ ਅਨ੍ਹਿਆ ਨੂੰ ਬਿਆਨਦਾ ਹੋਇਆ, ਇਸ ਅਨ੍ਹਿਆ ਤੇ ਅਤਿਆਚਾਰ ਦਾ ਦੋਸ਼ੀ 'ਖ਼ੁਦ' ਮਰਦ ਨੂੰ ਕਬੂਲਦਾ ਹੈ ਅਤੇ ਆਪਣੇ ਗੁਨਾਹਾਂ ਦਾ ਪਸ਼ਤਾਚਾਪ ਕਰਨਾ ਲੋਚਦਾ ਹੈ........

ਐ ਔਰਤ !
ਮੈਂ ਆਦਮ ਜਾਤ
ਆਦਮ ਦਾ ਪੁੱਤਰ
ਤੇਰੇ ਸਾਹਵੇਂ ਹੱਥ ਬੰਨਕੇ
ਅਰਜ਼ੋਈ ਕਰਦਾ ਹਾਂ
ਮੈਂ ਤੈਨੂੰ ਅਜ਼ਲ ਤੋਂ ਹੀ
ਦਬਾਈ ਰੱਖਿਆ ਹੈ
ਮੈਂ ਤੇਰਾ-
ਤੇਰੀਆਂ ਸੱਧਰਾਂ ਦਾ ਕਾਤਲ ਹਾਂ
ਮੈਂ ਤੇਰਾ ਮੁਜਰਿਮ ਹਾਂ........

ਦਹੇਜ ਦਾ ਵਹਿਸ਼ੀ ਦੈਂਤ ਅੱਜ ਵੀ ਔਰਤ ਦੀਆਂ ਸੱਧਰਾਂ ਨੂੰ ਨਿਗਲ ਰਿਹਾ ਹੈ 'ਤੇ ਕਿਤੇ ਨਾ ਕਿਤੇ ਉਸਨੂੰ ਢਿੱਡ ਦੀ ਖ਼ਾਤਿਰ ਜਿਸਮ ਦਾ ਸੌਦਾ ਕਰਨਾ ਪੈਂਦਾ ਹੈ।ਅੱਜ ਵੀ ਆਰਥਿਕਤਾ ਹੱਥੋਂ ਬੇਵਸ ਅਨੇਕਾਂ 'ਲੂਣਾਂ' ਪਿਉ ਸਮਾਨ ਸਲਵਾਨ ਵਲੋਂ ਪ੍ਰਣਾਈਆਂ ਜਾਂਦੀਆਂ ਹਨ.......

ਦੁੱਖ ਇਸ ਗੱਲ ਨਹੀਂ ਹੈ ਕਿ
ਤੈਨੂੰ ਪ੍ਰਣਾਉਣ ਦੀ ਤਮੰਨਾਂ ਰਹਿ ਗਈ,

*ਦੁੱਖ ਤਾਂ ਇਸ ਗੱਲ ਦਾ ਹੈ,*
*ਤੈਨੂੰ ਪ੍ਣਾਕੇ ਸਲਵਾਨ ਲੈ ਗਿਆ।*

*ਜਸਵਿੰਦਰ ਦੀ ਕਵਿਤਾ ਵਿੱਚ ਹਰ ਸਰੋਕਾਰ ਪ੍ਤੀ ਸੰਤੁਲਿਤ 'ਤੇ ਬੌਧਿਕ ਰਵੱਈਆ ਹੈ, ਉਹ ਕਿਤੇ ਵੀ ਉਲਾਰ ਦਾ ਸ਼ਿਕਾਰ ਨਹੀਂ ਹੁੰਦਾ। ਜੇ ਪਿਆਰ 'ਤੇ ਬਿਰਹਾ-ਕੁਠੀ 'ਮੈਂ' ਦੇ ਦਰਦ, ਸੰਤਾਪ ਦਾ ਪ੍ਗਟਾ ਪੂਰੀ ਸ਼ਿੱਦਤ ਨਾਲ ਹੋਇਆ ਹੈ ਤਾਂ ਜ਼ਿੰਦਗੀ ਦੇ ਦੂਜੇ ਸਰੋਕਾਰਾਂ ਦਾ ਪੱਲਾ ਵੀ ਹੱਥੋਂ ਨਹੀ ਛੱਡਿਆ ਗਿਆ। ਉਸਦੀ ਕਵਿਤਾ ਵਿੱਚ ਪੇਸ਼ 'ਮੈਂ' ਸਿਰਫ਼ ਇਕ ਜ਼ਜ਼ਬੇ ਪਿੱਛੇ ਉਮਰ ਵਿਹਾ ਜਾਣ ਲਈ ਤਿਆਰ ਨਹੀਂ। ਉਹ ਤਾਂ ਜਿਉਂਣ ਦੇ ਨਵੇਂ ਰਸਤੇ ਤਲਾਸ਼ਦਾ ਹੈ, ਸਾਰੀਆਂ ਤਲਖ਼ੀਆ ਤੋਂ ਗੁਜ਼ਰ ਕੇ ਜਿਉਂਣਾ ਲੋਚਦਾ ਹੈ। ਉਸਦੀ ਕਵਿਤਾ ਵਿੱਚ ਰਿਸ਼ਤਿਆਂ ਦੇ ਤਿੜਕ ਜਾਣ ਦਾ ਅਹਿਸਾਸ ਹੈ। ਇੱਕਲ ਦਾ ਸੰਤਾਪ 'ਤੇ ਭਟਕਣਾ ਵੀ ਹੈ, ਪਰ ਇਹ ਇਕੱਲ ਦੇ ਥਪੇੜੇ ਸਹਿਕੇ ਇਸ ਸੰਤਾਪ ਵਿੱਚ ਵੀ ਜਿਉਂਦਿਆਂ ਰਹਿਣ ਦਾ ਇਲਮ ਉਸਦੇ ਕਾਵਿ-ਪਾਤਰ ਕੋਲ ਹੈ।*

*ਇੱਕਵੀਂ ਸਦੀ ਦੇ ਦੌਰ ਵਿੱਚ ਮਨੁੱਖ ਦਾ ਮਹਿਜ਼ ਇਕ ਕਲ-ਪੁਰਜ਼ਾ ਹੋ ਜਾਣ ਦੀ ਸਥਿਤੀ ਨੂੰ 'ਮੈਂ' ਕਵਿਤਾ ਵਿੱਚ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ, ਜੋ ਆਪਣੀ ਲਾਸ਼ ਦਾ ਭਾਰ ਖ਼ੁਦ ਆਪਣੇ ਮੋਢਿਆਂ 'ਤੇ ਚੁੱਕੀ ਫਿਰਦਾ ਹੈ। ਇਸ ਵਿਗਿਆਨਕ ਯੁਗ ਵਿੱਚ ਚਾਹੇ ਮਨੁੱਖ ਨੇ ਕਿੰਨੀ ਤਰੱਕੀ ਕਰ ਲਈ ਹੈ, ਪਰ ਸਮਾਜਕ-ਨਿਜ਼ਾਮ ਉੱਥੇ ਦਾ ਉੱਥੇ ਹੀ ਹੈ। ਅੱਜ ਵੀ ਅਸੀਂ ਧਰਮਾਂ, ਨਸਲਾਂ ਦੀ ਸੌੜੀ ਕੈਦ ਵਿੱਚੋਂ ਬਾਹਰ ਨਹੀਂ ਨਿਕਲ ਸਕੇ, ਇਸ ਤਰੱਕੀ 'ਤੇ ਪ੍ਸ਼ਨ ਚਿੰਨ੍ਹ ਲਗਾਉਂਦਾ ਕਵੀ ਆਖਦਾ ਹੈ......*

*ਪਛਾਣ ਤਾਂ ਅੱਜ ਵੀ ਬੰਦੇ ਦੀ*
*ਰੰਗ 'ਤੇ ਨਸਲ ਤੋਂ ਹੀ ਹੁੰਦੀ ਹੈ,*
*ਭੇਸ ਬਦਲੇ ਅਸੀਂ, ਸੋਚ ਨਹੀਂ*
*ਕੈਸੀ ਇਹ ਤਰੱਕੀ, ਕੈਸੀ ਹੈ ਸੱਭਿਅਤਾ ।*

*ਬੇਸ਼ਕ ਪੱਤਝੜ ਵਿੱਚਲੀਆਂ ਨਜ਼ਮਾਂ ਨਿਰਾਸ਼ਾ-ਜਨਕ ਨਜ਼ਰ ਆਉਂਦੀਆਂ ਹਨ ਫਿਰ ਵੀ ਜਸਵਿੰਦਰ ਨੂੰ ਪੂਰਨ ਤੌਰ 'ਤੇ ਨਿਰਾਸ਼ਾ-ਵਾਦੀ ਕਵੀ ਨਹੀਂ ਕਿਹਾ ਜਾ ਸਕਦਾ, ਉਹ ਇਕ ਅਗਾਂਹਵਧੂ ਕਵੀ ਹੈ ਉਸਦੀ ਕਵਿਤਾ ਵਿਭਿੰਨ ਸਮਾਜਕ ਸਰੋਕਾਰਾ ਨਾਲ ਜੁੜੀ ਹੋਈ ਹੈ। ਉਹ ਸਮਾਜਕ - ਨਿਜ਼ਾਮ ਦੇ ਬਾਹਰੀ ਯਥਾਰਥ ਦਾ ਚਿਤਰਣ ਕਰਦਿਆਂ ਇਸ ਯਥਾਰਥ ਦੀਆਂ ਅੰਤਰੀਵੀ ਪਰਤਾਂ ਨੂੰ ਵੀ ਫਰੋਲਦਾ ਹੈ। ਪਰੰਤੂ ਤਲਖ਼ ਪ੍ਸਥਿਤੀਆਂ ਵੀ ਜਿੰਦਗੀ ਨੂੰ ਇਕ ਨਵੀਂ ਸੇਧ ਦੇਣ ਯੋਗ ਹਨ। ਪੰਜਾਬੀ ਕਵਿਤਾ ਵਿੱਚ ਉਸਦੀ ਆਮਦ ਨੂੰ ਜੀ ਆਇਆਂ !*

*15-11-2006*

**ਮਨਜੀਤ ਕੌਰ** (ਐਮ.ਏ.ਐਮ.ਫਿਲ.)
ਲੈਕਚਰਾਰ,
ਪੰਜਾਬੀ ਵਿਭਾਗ,ਲਾਇਲਪੁਰ ਖਾਲਸਾ ਕਾਲਜ
ਜਲੰਧਰ।
ਫੂਨ ਨੰਬਰ : 9872823510.

# ਪਰਵਾਸੀ

*ਦਿਨ ਜਿੱਦਾਂ ਕਿੱਦਾਂ ਲੰਘ ਜਾਂਦਾ*
*ਸ਼ਾਮ ਹੁੰਦਿਆਂ ਵਿਰਾਨੀ ਛਾ ਜਾਂਦੀ ।*
*ਪਲਕਾਂ 'ਤੇ ਅੱਥਰੂ ਜਗ ਪੈਂਦੇ*
*ਜਦ ਯਾਦ ਬੀਤੇ ਦੀ ਆ ਜਾਂਦੀ ।*

*ਮੈਂ ਲਾਸ਼ ਆਪਣੀ ਦੇ 'ਕਾਨੀ ਲੱਗਕੇ'*
*ਹਰ ਰੋਜ਼ ਘਰੋਂ ਚਲਾ ਜਾਂਦਾ ਹਾਂ*
*ਘੁੰਮ-ਘੁੰਮਾਕੇ ਵਾਂਗ ਪੰਖੇਰੂਆਂ*
*ਤਰਕਾਲੀ ਘਰ ਵਾਪਸ ਆ ਜਾਂਦਾ ਹਾਂ*
*ਦੇਖਕੇ ਹਾਲਤ ਸ਼ੀਸ਼ੇ ਵਿੱਚ ਖ਼ੁਦ ਦੀ*
*ਖ਼ੁਦ ਤੋਂ ਹੀ ਨਜ਼ਰ ਮੇਰੀ ਸ਼ਰਮਾ ਜਾਂਦੀ ।*

*ਇਕਲਾਪੇ ਤੋਂ ਤੰਗ ਆ ਕੇ ਸੋਚਾਂ*
*ਮੈਂ ਦੂਰ ਕਿੱਧਰੇ ਚਲਿਆ ਜਾਵਾਂ*
*ਜਿੱਥੇ ਜਾਣੇ ਨਾ ਮੈਨੂੰ ਮੇਰਾ ਆਪਾ ਵੀ*
*ਨਾ ਹੀ ਜਾਣੇ ਕੋਈ ਮੇਰਾ ਸਰਨਾਵਾਂ*
*ਕਈ ਵਾਰੀ ਤਾਂ ਸੋਚ ਹੀ ਮੇਰੀ*
*ਮੇਰੇ ਪੱਲੇ ਕਈ ਦੁੱਖ ਪਾ ਜਾਂਦੀ ।*

*ਜ਼ਿੰਦਗੀ ਕਿਉਂ ਹੋ ਗਈ ਥਲ ਤਪਦਾ ?*
*ਸਿਦਕ ਦੇ ਪੈਰੀਂ ਕਿਉਂ ਪੈ ਗਏ ਛਾਲੇ ?*
*ਸੋਚਕੇ ਥੱਕਿਆਂ ਸਮਝ ਨਾ ਆਈ*
*ਹੈ ਸੋਚ ਮੇਰੀ ਇਆਣੀ ਹਾਲੇ*
*ਕਾਸ਼ ! ਕਿੱਧਰੇ ਮੇਰੇ ਤਪਦੇ ਦਿਲ ਨੂੰ*
*ਚੈਨ ਦੀ ਛਾਂ ਵੀ ਥਿਆ ਜਾਂਦੀ ।*

*ਹੋਠਾਂ ਉੱਤੇ ਚੁੱਪ ਦੀ ਸ਼ਿਕਰੀ ਆ ਗਈ*
*ਦਿਲ 'ਤੇ ਚਿਹਰੇ 'ਤੇ ਛਾ ਗਈ ਉਦਾਸੀ*
*ਆਪਣੇ ਹੀ ਪਿੰਡ ਆਪਣੇ ਹੀ ਘਰ*
*ਹੋ ਗਿਆ ਹਾਂ ਅੱਜ ਮੈਂ ਪਰਵਾਸੀ*
*ਇਹੋ ਜਿਹੀ ਜ਼ਿੰਦਗੀ ਤੋਂ ਚੰਗਾ ਸੀ*
*ਮੈਨੂੰ ਮੌਤ ਹੀ ਕਿੱਧਰੋਂ ਆ ਜਾਂਦੀ ।*

# ਗੀਤ

ਬਾ.ਗੀ ਕੋਇਲ ਬੋਲੇ ਸੱਜਣਾਂ
ਚੱਲਣ ਮਸਤ ਹਵਾਵਾਂ
ਮੈਂ ਨਿਮਾਣੀ ਢਾਰੇ ਬੈਠੀ
ਬਿਰਹਾ ਦਰਦ ਹੰਡਾਵਾਂ
ਬਾ.ਗੀ ਕੋਇਲ ਬੋਲੇ ਸੱਜਣਾਂ
ਚੱਲਣ ਮਸਤ ਹਵਾਵਾਂ........।

ਹੁਣ ਮੇਰਾ ਕੋਈ ਸੱਜਣ ਨਈ
ਕਿਹਨੂੰ ਦਿਲ ਦਾ ਹਾਲ ਸੁਣਾਵਾਂ
.ਗਮ ਖਾਵਾਂ ਹੰਝੂ ਪੀਵਾਂ
ਮੈਂ ਰੋ ਰੋ ਵਕਤ ਲੰਘਾਵਾਂ
ਨਾ ਮੈਨੂੰ ਮੰਜ਼ਿਲ ਦਿਸਦੀ
ਨਾ ਹੀ ਦਿਸਦੀਆਂ ਰਾਵਾਂ
ਬਾ.ਗੀ ਕੋਇਲ ਬੋਲੇ ਸੱਜਣਾਂ
ਚੱਲਣ ਮਸਤ ਹਵਾਵਾਂ.........।

ਦਿਲ ਨੂੰ ਲੱਗੇ .ਗਮ ਤੋਂ ਦੱਸ ਵੇ
ਮੈਂ ਪੱਲ੍ਹਾ ਕਿੰਝ ਛੁਡਾਵਾਂ
ਇਸ ਤੋਂ ਤੰਗ ਆ ਕੇ ਸੋਚਾਂ
ਆਤਮ-ਹੱਤਿਆ ਹੀ ਕਰ ਜਾਵਾਂ
ਆਤਮ-ਹੱਤਿਆ ਕਰਨ ਲਈ,ਪਰ
ਸਾਹਸ ਕਿੱਥੋਂ ਲਿਆਵਾਂ
ਬਾ.ਗੀ ਕੋਇਲ ਬੋਲੇ ਸੱਜਣਾਂ
ਚੱਲਣ ਮਸਤ ਹਵਾਵਾਂ...........।

ਜਦ ਅੰਬਰੀ ਛਾਵਣ ਸੱਜਣਾ
ਕਾਲੀਆਂ ਸਾਉਂਣ ਘਟਾਵਾਂ
ਮੋਰ ਮੋਰਨੀ ਨੱਚ ਵਸਲ ਮਨਾਵਣ
ਮੈਂ ਗੀਤ ਹਿਜ਼ਰ ਦੇ ਗਾਵਾਂ
ਤੇਰਾ ਮੇਰਾ ਵਸਲ ਨਾ ਹੋਇਆ
ਮੇਰੀਆਂ ਅੱਡੀਆਂ ਰਹੀਆਂ ਬਾਹਵਾਂ
ਬਾਗ਼ੀ ਕੋਇਲ ਬੋਲੇ ਸੱਜਣਾਂ
ਚੱਲਣ ਮਸਤ ਹਵਾਵਾਂ.............।

# ਗੀਤ

*ਸਾਲੂ ਲੈਕੇ ਯਾਦਾਂ ਦਾ
ਫੇਰ ਰਾਤ ਚਾਨਣੀ ਆਈ
ਨੈਣਾਂ ਵਿੱਚ ਹੰਝੂ ਭਰ ਗਏ
ਦਿਲ 'ਤੇ ਉਦਾਸੀ ਛਾਈ
ਸਾਲੂ ਲੈਕੇ ਯਾਦਾਂ ਦਾ
ਫੇਰ ਰਾਤ ਚਾਨਣੀ ਆਈ ।*

*ਮਰ ਗਈ ਹਸਰਤ ਦਿਲ ਦੇ ਮਹਿਲੀਂ
ਦੀਦ ਤੇਰੇ ਦੀ ਤ੍ਰਿਹਾਈ
ਪ੍ਰੇਮ ਨਗਰ ਦੇ ਪੈਂਡੇ ਪੈ ਕੇ
ਮੈਂ ਖੱਟੀ ਵੇ ਸੱਜਣਾਂ ਤਨਹਾਈ
ਸਾਲੂ ਲੈਕੇ ਯਾਦਾਂ ਦਾ
ਫੇਰ ਰਾਤ ਚਾਨਣੀ ਆਈ ।*

*ਤੇਰੇ ਬਾਝੋਂ ਮੈਂ ਵੇ ਸੱਜਣਾ
ਹਾਏ ! ਬਿਰਹਾ ਜੂਨ ਹੰਡਾਈ
ਸੋਹਲ ਜਿਹੀ ਜ਼ਿੰਦ ਮੇਰੀ ਨੂੰ
ਵੇ ਖਾ ਗਈ ਤੇਰੀ ਜੁਦਾਈ
ਸਾਲੂ ਲੈਕੇ ਯਾਦਾਂ ਦਾ
ਫੇਰ ਰਾਤ ਚਾਨਣੀ ਆਈ ।*

*ਕੀ ਦੱਸਾਂ ਸਾਵਨ ਰੁੱਤ ਵੇ*
*ਕਿੱਦਾਂ ਤੜਫ਼ਦਿਆਂ ਮੈਂ ਲੰਘਾਈ*
*ਸੁਣਕੇ ਗਾਉਂਦੀ ਕੋਇਲ ਨੂੰ ਵੇ*
*ਦਿਲ ਮੇਰੇ ਦੀ ਕਲੀ ਕੁਮਲਾਈ*
*ਸਾਲੂ ਲੈਕੇ ਯਾਦਾਂ ਦਾ*
*ਫੇਰ ਰਾਤ ਚਾਨਣੀ ਆਈ ।*

*ਹੱਡਾਂ ਦਾ ਝੋਕ ਵੇ ਬਾਲਣ*
*ਆਥਣ ਵੇਲੇ ਭੱਠੀ ਮਘਾਈ*
*ਯਾਦ ਤੇਰੀ 'ਚ ਦਿਲ ਮੇਰੇ ਨੇ*
*ਹੌਂਕੇ ਰਿੱਧੇ ਪੀੜ ਪਕਾਈ*
*ਸਾਲੂ ਲੈਕੇ ਯਾਦਾਂ ਦਾ*
*ਫੇਰ ਰਾਤ ਚਾਨਣੀ ਆਈ ।*

*ਸੱਜਣ-ਸਹੇਲੇ ਵਿਛੜੇ ਜਿੰਨਾਂ ਦੇ*
*ਮਰ ਗਏ ਜਾਂ ਹੋਏ ਸ਼ੁਦਾਈ*
*ਮੋੜ ਮੁਹਾਰਾਂ ਇਸ ਤੋਂ ਪਹਿਲਾ*
*ਰੋਵੇ ਮੈਂ 'ਤੇ ਵੀ ਲੁਕਾਈ ।*
*ਸਾਲੂ ਲੈਕੇ ਯਾਦਾਂ ਦਾ*
*ਫੇਰ ਰਾਤ ਚਾਨਣੀ ਆਈ ।*

# ਵਿਜੋਗਣ

*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ*
*ਬਾਲ ਵਰੇਸੇ ਮਨ ਦੀ ਮੈਨਾ*
*ਡੁੱਬ ਨੈਣਾਂ ਵਿੱਚ ਮੋਈ*
*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ ।*

*ਮੁੱਕਦਰ ਮੇਰਾ ਇਉਂ ਵੇ ਸੱਜਣਾਂ*
*ਮੱਸਿਆ ਦੀ ਜਿਉਂ ਰਾਤ ਹਨੇਰੀ*
*ਨਾ ਕਾਦਰ ਨੇ ਸੁਣੀ ਵੇ ਮੇਰੀ*
*ਮੈਂ ਤਾਂ ਕੀਤੀ ਅਰਜ਼ੋਈ ਬਥੇਰੀ*
*ਦੇਖ ਆਪਣੇ ਹੱਥਾਂ ਦੀ ਲਿਖਣੀ*
*ਮੈਂ ਲੁਕ ਲੋਕਾਂ ਤੋਂ ਰੋਈ*
*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ ।*

*ਆਸਾਂ ਦੇ ਵੀਰਾਨ ਰੁੱਖ 'ਤੇ*
*ਜਦ ਕੋਈ ਕਰੂੰਬਲ ਫੁੱਟੀ ਵੇ*
*ਸਮਿਆਂ ਦੀ ਕਹਿਰੀ 'ਵਾ ਨੇ*
*ਪਲਾਂ ਵਿੱਚ ਝਾੜ ਸੁੱਟੀ ਵੇ*
*ਏਸ ਰੁੱਖ ਦੀ ਫਿਰ ਕਦੇ ਨਾ*
*ਹਰੀ ਕੋਈ ਡਾਹਲ ਹੋਈ*
*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ ।*

*ਮੈਨੂੰ ਮੇਰੇ ਬਾਬਲ ਆਪੇ*
*ਲੜ ਦੁੱਖਾਂ ਦੇ ਲਾਇਆ*
*ਮਾਂ ਮੇਰੀ ਨੇ ਝੋਲੀ ਮੇਰੀ*
*ਸ਼ਗਨ ਹੰਝ ਦਾ ਪਾਇਆ*
*ਹਾਵਾਂ ਦੀ ਡੋਲੀ ਵਿੱਚ ਬਹਿਕੇ*
*ਮੈਂ ਚੰਦਰੀ ਵਿਦਿਆ ਹੋਈ*
*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ ।*

*ਭਰ ਜੋਬਨ ਵਿੱਚ ਮੇਰੇ ਪੱਲੇ*
*ਪੈ ਗਈ ਸੱਜਣ ਦੀ ਉਡੀਕ ਵੇ*
*ਕਿਸਮਤ ਮੇਰੇ ਹੱਥੀਂ ਖਿੱਚ ਗਈ*
*ਹਿਜ਼ਰ ਦੀ ਚੰਦਰੀ ਲੀਕ ਵੇ*
*ਮੇਰੇ ਬੋਲਾਂ ਵਿੱਚ ਹੁਣ ਹਿਜ਼ਰ*
*'ਤੇ ਮੈਂ ਹਿਜ਼ਰਾ ਵਿੱਚ ਸਮੋਈ*
*ਮੈਂ ਵਿਜੋਗਣ ਮੈਂ ਤੱਤੜੀ, ਮੇਰਾ*
*ਦਰਦ ਨਾ ਜਾਣਿਆ ਕੋਈ ।*

# ਤਕਦੀਰ

*ਤਕਦੀਰ ਮੇਰੀ ਫਿਰ ਮੈਨੂੰ*
*ਉਸ ਜਗ੍ਹਾ 'ਤੇ ਹੈ ਲੈ ਆਈ ।*
*ਜਿੱਥੇ ਪਾਣੀ ਤਾਂ ਹੈ ਬਹੁਤ*
*ਰੂਹ ਫਿਰ ਵੀ ਹੈ ਤਿਰਹਾਈ ।*

*ਉਸਨੂੰ ਮਿਲਿਆ ਤਾਜ 'ਤੇ ਤਖ਼ਤ*
*ਮੈਨੂੰ ਮਿਲੀ ਭਟਕਣ ਯਾਰੋ*
*ਇਹ ਉਸਦੀ ਆਪਣੀ ਕਿਸਮਤ ਸੀ*
*ਆਪਣੀ ਕਿਸਮਤ ਮੈਂ ਹੰਡਾਈ ।*

*ਰਿਹਾਂ ਜ਼ਿੰਦਗੀ ਦੇ ਮੈਂ ਪਿੱਛੇ*
*ਕਦੇ ਰਹੀ ਜ਼ਿੰਦਗੀ ਮੇਰੇ ਪਿੱਛੇ*
*ਨਾ ਮੈਂ ਜ਼ਿੰਦਗੀ ਨੂੰ ਮਿਲਿਆ ਕਦੇ*
*ਨਾ ਹੀ ਜ਼ਿਦਗੀ ਮੈਨੂੰ ਥਿਆਈ ।*

*ਰੋਸਾ ਉਸਦੇ ਨਾਲ ਵੀ ਨਹੀਂ*
*ਕਦ ਤੱਕ ਰਹਿੰਦਾ ਉਹ ਨਾਲ ਮੇਰੇ*
*ਸਿਰ 'ਤੇ ਆਉਂਦਾ ਹੈ ਜਦ ਸੂਰਜ*
*ਸਾਥ ਛੱਡ ਜਾਂਦੀ ਹੈ ਪਰਛਾਈ ।*

*ਮਰਿਆ ਮੈਂ ਕੋਈ ਨਾ ਰੋਇਆ*
*ਰੁਲ਼ਦੀ ਰਹੀ ਲਾਸ਼ ਮੇਰੀ*
*ਕਿਸੇ ਨਾ ਮੈਨੂੰ ਦਫ਼ਨਾਇਆ*
*ਨਾ ਕਿਸੇ ਮੇਰੀ ਚਿਤਾ ਸਜਾਈ ।*

# ਗੁਰਬਤ ਦਾ ਗੀਤ

*ਇਹ ਮੇਰਾ ਗੀਤ–*
*ਉਸ ਪੰਜਾਬਣ ਦੇ ਨਾਂ*
*ਜਿਸ ਦੇ ਸਿਰ 'ਤੇ ਨਾ ਭਾਈਆਂ–*
*'ਤੇ ਨਾ ਹੀ ਰਹੀ ਬਾਬਲ ਦੀ ਛਾਂ*
*ਜਿਸਨੂੰ ਜਵਾਨ ਹੁੰਦਿਆਂ ਵੇਖ*
*ਮੁਰਝਾਈ ਬੈਠੀ ਸੀ ਉਸ ਦੀ ਮਾਂ.....।*

*ਬਚਪਨ ਬੀਤਿਆ ਜਿਸਦਾ*
*ਖੇਤਾਂ ਦੇ ਵਿੱਚ ਰੂੜੀ ਪਾਉਂਦਿਆਂ*
*ਆਇਆ ਜੋਬਨ ਜਿਸ ਉੱਤੇ*
*'ਗੁਰਬਤ ਦਾ ਗੀਤ' ਗਾਉਂਦਿਆਂ*
*ਦਾਜ ਦੇ ਵਹਿਸ਼ੀ ਦੈਂਤ ਨੇ ਉਸਦੀਆਂ*
*ਖਾ ਲਈਆਂ ਸੱਧਰਾਂ........।*

*ਹਾਣ ਹੰਡਾਉਂਣ ਦੀ ਇੱਛਾ ਜਦ–*
*ਉਸਦੀ ਦਿਲ ਵਿਚ ਮੋਈ ਸੀ*
*ਮੇਰੇ ਮੋਢੇ 'ਤੇ ਸਿਰ ਧਰਕੇ*
*ਉਹ ਮਾਰਕੇ ਧਾਹਾਂ ਰੋਈ ਸੀ*
*ਠੰਡ ਨਾ ਪਾਈ ਉਦ੍ਹੇ ਤਪਦੇ ਦਿਲ ਨੂੰ*
*ਮੇਰੇ ਹਮਦਰਦੀ ਭਰੇ ਲਫ਼ਜਾਂ............।*

*ਢਿੱਡ ਦੀ ਖ਼ਾਤਰ ਕੀਤਾ ਉਸਨੇ*
*ਆਪਣੇ ਤਨ ਦਾ ਵੀ ਸੌਦਾ*
*ਬਾਲੜੀ ਉਮਰੇ ਉਸਦੇ ਚਾਵਾਂ ਦਾ*
*ਸੜ ਗਿਆ ਨਾਜ਼ੁਕ ਪੌਦਾ*
*ਬਸੇਰਾ ਉਸਦਾ ਜਾਪੇ ਜਿਉਂ*
*ਔਂਤ ਗਿਆਂ ਦੀ ਹੋਵੇ ਥਾਂ......।*

*ਕੋਮਲ ਹੱਥਾਂ ਦੇ ਰੱਟਨ*
*'ਉਹ' ਜਦ ਮੈਨੂੰ ਦਿਖਾਉਂਦੀ ਸੀ*
*ਚੀਖ਼ਦੀ ਸੀ ਬੇ-ਵਸੀ ਮੇਰੀ*
*'ਤੇ ਅੱਖ ਮੇਰੀ ਭਰ ਆਉਂਦੀ ਸੀ*
*ਕਹਿ ਨਹੀਂ ਸਕਦਾ ਹਰਫ਼ਾ ਵਿੱਚ ਮੈਂ*
*ਉਸਦੀ ਸਾਰੀ ਦਾਸਤਾਂ.....।*

*ਚਾਂਦਨੀ ਰਾਤੇ ਹੁਣ ਜਦ ਕਦੇ 'ਉਹ'*
*ਮੇਰੇ ਖ਼ਾਬਾਂ ਦੇ ਵਿੱਚ ਆਉਂਦੀ ਹੈ*
*'ਮੈਂ ਮਰ ਗਈ ਹੋਰਾਂ ਮਰ ਜਾਣਾ'*
*ਉਹ ਇਹੀ ਨਗ਼ਮਾ ਗਾਉਂਦੀ ਹੈ*
*'ਜਿੰਨੀ ਲੱਗਦੀ ਵਾਹ ਤੂੰ ਲਾ ਲੈ'*
*ਬਦਲਨਾ ਨਹੀਂ ਇਹਨਾਂ ਲੋਕਾਂ......।*

# ਸਰਾਪ

*ਦਿਲ ਦੁਖਾਇਆ ਵੇ ਮੈਂ ਤੇਰਾ*
*ਮੇਰੀ ਸੋਚ ਦਾ ਸੂਰਜ ਮਰੇ*
*ਮਰਨ ਮੇਰੇ ਗੀਤ ਪਲੇਠੇ*
*ਨਾ ਮਰਸੀਆ ਕੋਈ ਪੜ੍ਹੇ*
*ਬੋਲ ਵੇ ਕੋਈ ਕਬੋਲ ਐਸਾ*
*ਮੇਰੇ ਲਾਗੇ ਖ਼ੁਸ਼ੀ ਨਾ ਖੜੇ ।*

*ਦੀਪ ਬਣਾ ਮੈਂ ਰਾਤੀ ਜਗਾਂ*
*ਵੇ ਹਨੇਰਾ ਮੇਰੇ 'ਤੋਂ ਡਰੇ*
*ਪਿਆਰ ਨੂੰ ਤਰਸਾ ਰਾਤ ਸਾਰੀ*
*ਨਾ ਕੋਈ ਪਤੰਗਾਂ ਮੈਂ 'ਤੇ ਸੜੇ*
*ਹਿੱਕ ਮੇਰੀ 'ਤੇ ਰਾਤ ਮਹਿਕਦੀ*
*ਰੋਜ਼ ਠੰਡੇ ਹੌਂਕੇ ਲਿਆ ਧਰੇ ।*

*ਵਿਜੋਗ ਦੀ ਘੁਣ ਪੈ ਜਾਵੇ*
*ਸਦਾ ਲਈ ਜ਼ਿੰਦ ਦੀ ਜੜ੍ਹੇ*
*ਮਿਰਗ ਦਿਲ ਦਾ ਤਰਸੇ ਵਸਲ ਨੂੰ*
*ਵੇ ਵਸਲ ਨਾ ਇਸਨੂੰ ਸਰੇ*
*ਉਡੀਕ ਦਾ ਬਣਕੇ ਬ੍ਰਿਖ ਬਲਾਂ*
*ਮੇਰਾ ਸੀਨਾ ਕਦੇ ਨਾ ਠਰੇ ।*

*ਰੋ ਰੋ ਮੇਰੇ ਸੁਜਣ ਦੀਦੇ*
*ਨਾ ਕੋਈ ਫੇਹੇ ਆਣ ਧਰੇ*
*ਮਰ ਜਾਵਾਂ ਮੈਂ ਘਿਰਕੇ ਗ਼ਮਾਂ 'ਚ*
*ਵੇ ਮੈਨੂੰ ਕਫ਼ਨ ਵੀ ਨਾ ਸਰੇ*
*ਜਾਂ ਐਸਾ ਹੋ ਜਾਵੇ ਹਾਲ ਵੇ ਮੇਰਾ*
*ਮੇਰਾ ਆਪਾ ਹੀ ਮੈਂ 'ਤੋਂ ਡਰੇ ।*

*ਮੌਤ ਮੰਗਾਂ ਨਾ ਮਿਲੇ ਮੈਨੂੰ*
*ਜ਼ਿੰਦਗੀ ਹਰ ਪਲ ਮੈਂ ਨਾਲ ਲੜੇ*
*ਮੇਰੇ ਪੱਲੇ ਰਹਿਣ ਦਿਨ ਵੇ ਸੋਗੀ*
*ਖੰਭ ਲਾਕੇ ਉੱਡ ਜਾਵਣ ਸਭ ਖਰੇ*
*ਜ਼ਿੰਦ ਮੇਰੀ ਰਹਿ ਜਾਵੇ 'ਕੱਲੀ*
*ਪਰਛਾਵਾਂ ਵੀ ਰਵੇ ਇਸਤੋਂ ਪਰੇ ।*

# ਗੀਤ

*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ*
*ਉੱਡ ਜਾਣਾ ਚੁਗ ਚੋਗ ਪੀੜਾਂ ਦੀ*
*ਮੈਂ ਜਿਸ ਦੇਸ਼ ਦੀ ਵਾਸੀ*
*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ ।*

*ਉਮਰ ਦੇ ਚਰਖੇ ਸੱਤ ਵਾਰੀ ਮੈਂ*
*ਤੰਦ ਪਿਆਰ ਦੀ ਪਾਈ*
*ਹਰ ਵਾਰੀ ਤੰਦ ਵਿਚਾਲੋਂ ਟੁੱਟੀ*
*'ਤੇ ਮੈਂ ਬਿਰਹਾਂ ਜੂਨ ਹੰਡਾਈ*
*'ਉਸਦੀ' ਖ਼ਾਤਰ ਸੱਤ ਵਾਰੀ ਮੈਂ*
*ਭੋਗੀ ਜੂਨ ਲੱਖ ਚੁਰਾਸੀ*
*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ ।*

*ਸਾਉਂਣ ਮਹੀਨਾ ਰਾਤ ਚਾਨਣੀ*
*ਪਿਆਸਾ ਪਪੀਹਾ ਕੁਰਲਾਵੇ*
*ਬਣ ਬਦਲੋਟੀ ਵਰ੍ਹੇ ਘਟਾ*
*ਪਿਆਸ ਪਪੀਹੇ ਦੀ ਬੁਝਾਵੇ*
*ਬੁਝ ਗਈ ਪਿਆਸ ਪਪੀਹੇ ਦੀ*
*ਮੈਂ ਰਹੀ ਪਿਆਸੀ ਦੀ ਪਿਆਸੀ*
*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ ।*

*ਮੈਂ ਚੰਦਰੀ ਨੇ ਵੇ ਬਾਬਲਾ*
*ਇਹ ਕੇਹੇ ਲੇਖ ਲਿਖਾਏ*
*ਮੈਂ ਨਾ ਲਾਈ ਹੱਥੀਂ ਮਹਿੰਦੀ*
*ਨਾ ਗੁੱਟੀ ਕਲੀਰੇ ਸਜਾਏ*
*ਮੋਤੀ ਨੈਣਾਂ ਦੇ ਚੁਗਦੇ ਚੁਗਦੇ*
*ਮੈਂ ਭਰੀ ਭਰਾਈ ਟੁਰ ਜਾਸੀ*
*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ ।*

*ਪੱਤਝੜ ਬੀਤੀ ਦੁੱਖਾਂ ਦੀ*
*ਬਹਾਰ ਮਹਿਕਦੀ ਆਈ ਵੇ*
*ਬਾਗ਼ਾਂ ਵਿੱਚ ਕੋਇਲਾਂ ਨੇ*
*ਗਾਕੇ ਗੀਤ ਖੁਸ਼ੀ ਮਨਾਈ ਵੇ*
*ਕੋਇਲਾਂ ਨੂੰ ਤਾਂ ਗੀਤ ਮਿਲੇ*
*ਵੇ ਮੈਨੂੰ ਮਿਲੀ ਉਦਾਸੀ*
*ਦੇਸ਼ ਤੇਰੇ ਵਿੱਚ ਬਾਬਲਾ*
*ਮੈਂ ਪੰਛੀ ਪਰਵਾਸੀ ।*

# ਸੁਨੇਹਾ

*ਉਮੀਦ ਦਾ ਫੁੱਲ ਜਦ ਵੀ ਖਿੜਿਆ*
*ਜ਼ਿੰਦਗੀ ਦੀ ਜ਼ਮੀਨ 'ਤੇ,*
*ਹੌਂਕਿਆਂ ਦੀ ਸਰਦ 'ਵਾ ਨੇ*
*ਦਿੱਤਾ ਉਸਨੂੰ ਆਕੇ ਸਾੜ ਵੇ ।*

*ਮਰ ਮਰ ਜੀਵਾਂ ਵੇ ਮੈਂ*
*ਰੋਜ਼ ਜੀਵਾਂ ਰੋਜ਼ ਹੀ ਮਰਾਂ,*
*ਦੇਖ ਕਿੱਦਾਂ ਲੰਘਾਵਾਂ ਮੈਂ ਦਿਨ*
*ਲੈ ਆਕੇ ਮੇਰੀ ਤੂੰ ਸਾਰ ਵੇ ।*

*ਤੇਰੇ ਬਾਝੋਂ ਦੁਨੀਆਂ ਦੇ*
*ਨਾ ਰੰਗ ਚੰਗੇ ਲੱਗਦੇ,*
*ਤੇਰੇ ਬਾਝੋਂ ਭਾਉਂਦੀ ਨਹੀਂ*
*ਮਨ ਤਾਂਈ ਬਸੰਤ-ਬਹਾਰ ਵੇ ।*

*ਲੈ ਨਾ ਜਾਵੇ ਮੌਤ ਮੈਨੂੰ*
*ਤੇਰੇ ਤੋਂ ਪਹਿਲਾ ਆਕੇ*
*ਪਾਉਂਦੀ ਹੈ ਰੋਜ਼ ਖ਼ਤ ਮੈਨੂੰ*
*ਨਾਲੇ ਘੱਲੇ 'ਸੁਨੇਹਾ' ਵਾਰ-ਵਾਰ ਵੇ ।*

*ਭਰੀ ਹੋਈ ਸੱਥ ਵਿੱਚੋਂ ਵੇ*
*ਬੋਲ ਤੇਰਾ ਨਾ ਕੋਈ ਸੁਣਦਾ*
*ਜਾਪਦਾ ਹੈ ਉਦਾਸ ਮੈਨੂੰ*
*ਇਹ ਜੱਗ ਦਾ ਚਾਰ-ਚੁਫੇਰਾ ਵੇ ।*

ਤੇਰੇ ਮੇਰੇ ਪਿਆਰ ਦੇ-
ਹੋਣ ਘਰ ਘਰ ਚਰਚੇ ਵੇ
ਮਾਰਦਾ ਹੈ ਤਾਨ੍ਹੇ ਮੈਨੂੰ
ਪਿੰਡ ਦਾ ਹਰ ਇਕ ਵਿਹੜਾ ਵੇ ।

ਘੁਣ ਤੇਰੇ ਵਿਜੋਗ ਦੇ ਨੇ
ਹਾਏ ਵੇ ਮੈਨੂੰ ਖਾ ਲੈਣਾ
ਦੇਖਣ ਨਹੀਂ ਦੇਣਾ ਮੈਨੂੰ
ਇਸ ਚੰਦਰੇ ਨੇ ਮੁਖ ਤੇਰਾ ਵੇ ।

ਸਭ ਕੁਝ ਪਾ ਕੇ ਵੀ ਵੇ
ਅੱਜ ਹੱਥ ਮੇਰੇ ਖਾਲ਼ੀ ਨੇ
ਕਿੱਦਾਂ ਦੱਸਾਂ ਲੋਕਾਂ ਤਾਂਈ
ਮੈਨੂੰ ਦੁੱਖ ਕਿਹੜਾ-ਕਿਹੜਾ ਵੇ ।

ਫ਼ਰਿਆਦਾਂ ਕਰ ਮੰਗਿਆ ਸੀ
ਸੱਤ ਜਨਮਾਂ ਦਾ ਸਾਥ ਤੇਰਾ
ਸੱਤ ਜਨਮ ਕੀ ਨਿਭਾਉਂਣੀ ਸੀ
ਇਕ ਜਨਮ ਵੀ ਬਾਂਹ ਨਾ ਫੜੀ ਵੇ ।

ਮੈਂ ਖੜੀ ਪੱਤਣ 'ਤੇ 'ਕੱਲੀ
ਲਾਈ ਅੱਖੀਆਂ ਨੇ ਝੜੀ
ਬੀਤੇ ਨਾ ਪਹਾੜ ਜਿਹਾ ਦਿਨ
ਹੋਈ ਔਖੀ ਲੰਘਾਉਣੀ ਘੜੀ ਵੇ ।

ਕਈ ਰੋਜ਼ ਇਕ ਇਕ ਕਰਕੇ
ਬੀਤ ਗਏ ਉਡੀਕ 'ਚ ਤੇਰੀ

*ਪਰ ਨਾ ਮੁੱਕੀ ਉਡੀਕ ਅਜੇ ਵੀ*
*ਜ਼ਿੰਦ ਮੇਰੀ ਆਕੇ ਮੁੱਕਦਰ ਤੋਂ ਹਰੀ ਵੇ ।*

*ਤੋੜ ਦਿੱਤਾ ਮਾਣ ਤੂੰ ਮੇਰਾ*
*ਖ਼ਰਾ ਕੀਤਾ ਵੇ ਮਹਿਰਮਾਂ*
*ਤੇਰੇ 'ਤੇ ਸੀ ਉਮੀਦ ਵਾਹਲ਼ੀ*
*ਨਾਲ ਮੇਰੇ ਕੀਤੀ ਤੈਂ ਖ਼ਰੀ ਵੇ ।*

*ਹਿਜ਼ਰ ਤੇਰੇ ਦੇ ਥਲਾਂ ਵਿੱਚ*
*ਮੁੱਕ ਚਲੀ ਵਾਂਗ ਸੱਸੀ ਦੇ*
*ਰੂਹ ਮੇਰੀ ਟੋਹਲਦੀ-ਟੋਹਲਦੀ*
*ਵਸਲ ਤੇਰੇ ਦਾ ਪਾਣੀ ਵੇ ।*

*ਟਿਕੀ ਰਾਤੇ ਅੰਬਰਾਂ 'ਤੋਂ*
*ਜਦ ਕੋਈ ਤਾਰਾ ਟੁਟੇਗਾ*
*ਯਾਦ ਤੈਨੂੰ ਆਵੇਗੀ ਸੱਜਣਾਂ-*
*ਉਸ ਵੇਲੇ ਮੇਰੀ ਕਹਾਣੀ ਵੇ ।*

*ਅਤੀਤ ਮੇਰੀ ਜ਼ਿੰਦਗੀ ਦਾ*
*ਮਾਝੀ ਅੱਜ ਬਣਿਆਂ ਹੈ*
*ਪਤਾ ਨਹੀਂ ਕਿੱਧਰ ਨੂੰ-*
*ਠੇਲ੍ਹ ਬੇੜੀ ਇਸ ਲੈ ਜਾਣੀ ਵੇ।*

*ਤੇਰੇ ਤੋਂ ਸੀ ਆਸ ਵਫ਼ਾ ਦੀ*
*ਤੂੰ ਵੀ ਧੋਖਾ ਦੇ ਗਿਓ*
*ਹੁਣ ਯਕੀਨ ਕਿਸ 'ਤੇ ਕਰਾਂ*
*ਬੈਠੀ ਸੋਚਾਂ ਮੈਂ ਨਿਮਾਣੀ ਵੇ ।*

# ਰੁੱਖੜਾ

*ਦਿਲ ਦੀਆਂ ਸੱਧਰਾਂ ਦਾ ਹਰਿਆ-ਭਰਿਆ ਰੁੱਖੜਾ*
*ਜਿਉਂ ਜਿਉਂ ਤਕਦੀਰ ਮੇਰੀ ਸੁਕਾ ਰਹੀ ਹੈ*
*ਜ਼ਿੰਦਗੀ ਦੀਆਂ ਰਾਹਵਾਂ 'ਤੋਂ ਉਮਰ ਦੀ ਪੈੜ*
*ਤਿਉਂ ਤਿਉਂ ਮਿੱਟਦੀ ਹੀ ਜਾਅ ਰਹੀ ਹੈ*
*ਘੁਣ ਤੇਰੇ ਬਿਰਹੇ ਦੀ ਵੇ ਸਾਂਵਰਿਆ*
*ਮੈਨੂੰ ਅੰਦਰੋਂ ਅੰਦਰੀ ਖਾਈ ਜਾ ਰਹੀ ਹੈ*
*ਜਾਣਕੇ ਇਹ ਵਿਥਿਆ ਦਿਲ ਦੀ ਕੋਮਲ ਕਲੀ*
*ਅਜਬ ਜਿਹੀ ਸੁਰ ਦਾ ਗੀਤ ਗਾ ਰਹੀ ਹੈ ।*

*ਉਮਰ ਦੇ ਤਿੰਨਾ ਪਹਿਰਾਂ 'ਚੋਂ ਅਜੇ ਮੈਂ*
*ਪਲੇਠਾ ਪਹਿਰ ਹੀ ਤਾਂ ਮੁਕਾਇਆ ਹੈ*
*ਦੁਹੇਲੇ ਪਹਿਰ ਦੇ ਅਰੰਭ ਦੇ ਵਿੱਚ ਹੀ ਮੈਂ*
*ਮਹਿਕਾਂ ਦਾ ਸੂਰਜ ਗਵਾਇਆ ਹੈ*
*ਮਹਿਰਮਾਂ ਮੇਰੀ ਉਮਰ ਦੀ ਬਗਲੀ ਦੇ ਵਿੱਚ*
*ਤੈਂ ਇਕ ਸਦੀਵੀਂ ਦੁੱਖੜਾ ਪਾਇਆ ਹੈ*
*ਹਸਰਤ ਮੇਰੇ ਮਨ ਦੀ ਦਾ ਸੁਨਹਿਰੀ ਫੁੱਲ*
*ਖਿੜਨੋਂ ਪਹਿਲਾਂ ਹੀ ਅੱਜ ਮੁਰਝਾਇਆ ਹੈ ।*

*ਦਿਲ ਤਾਂ ਚਾਹੁੰਦਾ ਸੀ ਤੇਰੇ ਛੱਡ ਜਾਣ ਪਿੱਛੋਂ*
*ਮੈਂ ਵੀ ਮਾਰਕੇ ਧਾਹ ਕਿੱਧਰੇ ਟੁਰ ਜਾਵਾਂ*
*ਜਾਂ ਪਾਣੀ 'ਚ ਪਏ ਲੂਣ ਵਾਂਗਰਾਂ*
*ਪਲਾਂ ਛਿੰਨਾਂ ਵਿੱਚ ਹੀ ਖੁਰ ਜਾਵਾਂ*
*ਆਇਆ ਸਾਂ ਜਿਸ ਤਰ੍ਹਾਂ ਧਰਤ 'ਤੇ*
*ਉਸੇ ਤਰ੍ਹਾਂ ਭਰਿਆ-ਭਰਾਇਆ ਮੁੜ ਜਾਵਾਂ*
*ਮਹਿਕ ਵਿਹੂੰਨੀ ਇਸ ਹਿਯਾਤੀ ਨੂੰ ਛੱਡਕੇ*
*ਅੰਬਰੀ ਜਾਅ ਤਾਰਿਆਂ ਸੰਗ ਜੁੜ ਜਾਵਾਂ ।*

ਭੁੱਲ-ਭੁਲੇਖੇ ਸਾਡੇ ਵਿਹੜੇ ਹੁਣ ਜਦ ਵੀ
ਯਾਦ ਤੇਰੀ ਪਰਾਹੁਣੀ ਆ ਬੂਹਾ ਖੜਕਾਉਂਦੀ ਹੈ
ਸਬਰ ਦੀਆਂ ਚੂਲ਼ੀਆਂ ਭਰ ਭਰ ਸੋਚ ਮੇਰੀ
ਤ੍ਰਿਹਾਈ ਰੂਹ ਨੂੰ ਪਿਲਾਉਂਦੀ ਬੜਾ ਸਮਝਾਉਂਦੀ ਹੈ
ਚੜਦੇ ਪਾਸਿਓਂ ਆਉਂਦੀ 'ਵਾ ਹਾਲਤ ਮੇਰੀ ਉੱਤੇ
ਮਾਰਕੇ ਧਾਹਾਂ ਰੋਂਦੀ ਹੈ ਬੜਾ ਕੁਰਲਾਉਂਦੀ ਹੈ
ਕਰ ਕਰ ਚੇਤੇ ਪਿਆਰ ਤੇਰੇ ਨੂੰ ਹਾਣੀਆ ਵੇ
ਮੈਨਾਂ ਮੇਰੇ ਗੀਤਾਂ ਦੀ ਸੋਗੀ ਗੀਤ ਹੀ ਗਾਉਂਦੀ ਹੈ ।

# ਗੀਤ

*ਮੰਡੇਰ 'ਤੇ ਗਾਉਂਦੀਏ ਚਿੜੀਏ*
*ਤੂੰ ਦੂਰ ਕਿੱਤੇ ਉੱਡ ਜਾਅ*
*ਤੇਰਾ ਰਾਗ ਕਿਸੇ ਨਈ ਸੁਣਨਾ*
*ਤੂੰ ਐਵੇਂ ਨਾ ਸਿਰ ਖਪਾ*
*ਮੰਡੇਰ 'ਤੇ ਗਾਉਂਦੀਏ ਚਿੜੀਏ....।*

*ਇੱਥੇ ਵੱਸਦੇ ਘਰ ਜਾਲਮਾਂ*
*ਕੀਤੇ ਪਲਾਂ ਦੇ ਵਿੱਚ ਤਬਾਹ*
*ਇੱਥੇ ਕਲੀਆਂ ਫੁੱਲ ਗੁਲਾਬ ਦੇ*
*ਦਿੱਤੇ ਤੋੜਕੇ ਸੁਕਣੇ ਪਾ*
*ਮੰਡੇਰ 'ਤੇ ਗਾਉਂਦੀਏ ਚਿੜੀਏ.....।*

*ਇੱਥੇ ਸੁਹਾਗ ਨੂੰ ਰੋਣ ਸੁਵਾਣੀਆਂ*
*ਮਾਂ ਰੋਵੇ ਪੁੱਤ ਲਈ ਸੱਥਰ ਵਿਛਾ*
*ਹੁਣ ਬਲਦੇ ਸਿਵੇ ਨਈ ਬੁਝਦੇ*
*ਅਸੀਂ ਥੱਕੇ ਹੰਝੂਆਂ ਦਾ ਮੀਂਹ ਵਰਸਾ*
*ਮੰਡੇਰ 'ਤੇ ਗਾਉਂਦੀਏ ਚਿੜੀਏ.....।*

*ਵੇਖ ਕਰਦਿਆਂ ਤਾਂਡਵ ਮੌਤ ਨੂੰ*
*ਸ਼ੈਤਾਨ ਵੀ ਗਿਆ ਸ਼ਰਮਾ*
*ਨੀ ਸਾਡੇ ਥਰ ਥਰ ਦਿਲ ਕੰਬਦੇ*
*ਤੈਨੂੰ ਗੀਤਾਂ ਦਾ ਚੜਿਆ ਚਾਅ*
*ਮੰਡੇਰ 'ਤੇ ਗਾਉਂਦੀਏ ਚਿੜੀਏ.......।*

*ਜੀਅ ਕਰਦਾ ਨਈ ਜੇ ਉੱਡਣ ਨੂੰ*
*ਤਾਂ ਡੇਰਾ ਸਿਵਿਆਂ ਵਿੱਚ ਜਾਕੇ ਲਾ*
*ਉੱਥੇ ਮਾਣੀ ਨਿੱਘ ਚਿਤਾਵਾਂ ਦਾ*
*ਨਾਲੇ ਅਸਾਂ ਲਈ ਕਰੀਂ ਦੁਆ*
*ਮੰਡੇਰ 'ਤੇ ਗਾਉਂਦੀਏ ਚਿੜੀਏ......।*

# ਨਜ਼ਰ

*ਕਰੂੰਬਲਾਂ ਫੁੱਟੀਆਂ ਫੇਰ ਰੁੱਖਾਂ ਦੀਆਂ*
*ਇਕ ਹੋਰ ਸਾਵਨ ਰੁੱਤ ਆਈ ਵੇ ।*
*ਮੈਂ ਰੋਈ ਹਿੱਕ ਲਾਕੇ ਤੇਰਾ ਬਿਰਹਾ*
*ਮੋਰਾਂ ਨੇ ਜਦ ਬਾਗੀਂ ਪੈਲ ਪਾਈ ਵੇ ।*

*ਸੁੱਕ ਗਈ ਚੂਰੀ ਪਈ ਬਨੇਰੇ ਉੱਤੇ*
*ਪਾਈ ਜੋ ਮੈਂ ਚਾਵਾਂ ਨਾਲ ਕਾਂਵਾਂ ਨੂੰ*
*ਥੱਕ ਗਈਆਂ ਅੱਖੀਆਂ ਮੇਰੀਆਂ ਵੇ*
*ਤੱਕ ਸੁੰਨੀਆਂ ਸੁੰਨੀਆਂ ਰਾਹਵਾਂ ਨੂੰ*
*ਤੇਰੇ ਵਿਜੋਗ 'ਚ ਜਿਉਂਦੀ ਨਾ ਮੈਂ ਮੋਈ*
*ਬਿਨ ਤੇਰੇ ਉਮਰ ਨਾ ਜਾਵੇ ਹੰਡਾਈ ਵੇ ।*

*ਤਾਰਿਆਂ ਦੇ ਨਾਲ ਕਰਦਿਆਂ ਗੱਲਾਂ*
*ਬੀਤ ਗਈ ਰੋਂਦੀ ਦੀ ਰਾਤ ਸਾਰੀ ਵੇ*
*ਦਿਨ ਚੜ੍ਹਿਆ ਮੁਸਕਾਨ ਦਾ ਪਾਇਆ ਮਖ਼ੋਟਾ*
*ਕਿਸੇ ਸਾਹਮਣੇ ਮੈਂ ਨਾ ਧਾਹ ਮਾਰੀ ਵੇ*
*ਮੇਰੀ ਕਾਲੀ ਸਿਆਹ ਜ਼ਿੰਦੜੀ ਦੇ ਵਿੱਚ*
*ਕਿਸੇ ਨਾ ਆਕੇ ਕੀਤੀ ਰੁਸ਼ਨਾਈ ਵੇ ।*

*ਕਾਲੀ ਘਟਾ ਛੰਮ ਛੰਮ ਵਰ੍ਹੀ ਜਦ*
*ਮੇਰੇ ਨੈਣਾਂ ਨੇ ਵੀ ਮੀਂਹ ਵਰਸਾਇਆ*
*ਘੇਰ ਲਿਆ ਮੈਨੂੰ ਆਕੇ ਉਦਾਸੀ ਨੇ*
*ਹੌਂਕਿਆਂ ਵਿੱਚ ਮੈਂ ਭੈੜਾ ਵੇਲਾ ਲੰਘਾਇਆ*
*ਪਲ ਕੁ ਹੁੰਦਾ ਤਾਂ ਲੰਘਾ ਲੈਂਦੀ*
*ਪਹਾੜ ਜੇਹੀ ਉਮਰ ਨਾ ਜਾਏ ਲੰਘਾਈ ਵੇ ।*

*ਮੁਖ ਮੇਰੇ 'ਤੇ ਪਿਲਤਨ ਫਿਰ ਗਈ*
*ਅੱਖੀਆਂ ਹੇਠਾਂ ਫਿਰ ਗਈ ਕਾਲਖ਼ ਵੇ*
*ਤੈਂ ਜਿਹਾ ਮੈਨੂੰ ਇਕ ਨਾ ਮਿਲਿਆ*
*ਉਂਝ ਆਏ ਲੋਕ ਜ਼ਿੰਦਗੀ 'ਚ ਮੇਰੀ ਲੱਖ ਵੇ*
*ਬਿਨ ਤੇਰੇ ਮੈਂ ਬਣ ਗਈ ਤਮਾਸ਼ਾ*
*ਪਿਆਰ ਤੇਰਾ ਬਣ ਗਿਆ ਜੱਗ ਹਸਾਈ ਵੇ ।*

*ਹਿਜ਼ਰ ਤੇਰੇ ਨੇ ਖਾ ਲਏ ਮਨ ਦੇ ਚਾਅ*
*ਮੈਨੂੰ ਖਾ ਲੈਣਾ ਤੇਰੀਆਂ ਸੋਚਾਂ ਨੇ*
*ਮਰ ਜਾਣਾ ਮੈਂ ਬਿਨ ਦੀਦ ਤੇਰੀ ਦੇ*
*ਮੇਰੇ ਕ਼ਫ਼ਨ ਨੂੰ ਬੰਨ ਦੇਣੀਆਂ ਗੱਠਾਂ ਲੋਕਾਂ ਨੇ*
*ਮੌਤ ਸਰਹਾਣੇ ਆਣ ਖੜੀ ਵੇ ਮੇਰੇ*
*ਮੈਂ ਫਿਰ ਵੀ ਬੂਹੇ 'ਤੇ ਨਜ਼ਰ ਟਿਕਾਈ ਵੇ ।*

# ਮੇਲਾ ਵਿਛੜਦਾ ਜਾਂਦਾ

*ਆ ਸੋਹਨਿਆਂ ਵੇ*
*ਮੇਲਾ ਵਿਛੜਦਾ ਜਾਂਦਾ*
*ਪਲ ਦਾ ਵੀ ਨਾ ਵਸਾਹ ਸੋਹਨਿਆ ਵੇ*
*ਮੇਲਾ ਵਿਛੜਦਾ ਜਾਂਦਾ*
*ਆ ਸੋਹਨਿਆ ਵੇ*
*ਮੇਲਾ ਵਿਛੜਦਾ ਜਾਂਦਾ............।*

*ਰਾਹਾਂ ਤੱਕ ਤੱਕ ਮੈਂ ਵੇ ਹਾਰੀ*
*ਘੱਟ ਗਈ ਨੈਣਾਂ ਦੀ ਲੋਅ ਸੋਹਨਿਆ*
*ਜ਼ਿੰਦਗੀ ਦਾ ਕੋਈ ਰਿਹਾ ਨਾ ਮਕਸਦ*
*ਮੈਂ ਕੀ ਸਾਂ ਕੀ ਗਈ ਹੋ ਸੋਹਨਿਆ*
*ਹੋਰ ਨਾ ਮੈਥੋਂ ਹੋਣ ਉਡੀਕਾਂ*
*ਘੱਟਦੇ ਜਾਣ ਸਾਹ ਸੋਹਨਿਆ*
*ਮੇਲਾ ਵਿਛੜਦਾ ਜਾਂਦਾ*
*ਆ ਸੋਹਨਿਆ ਵੇ*
*ਮੇਲਾ ਵਿਛੜਦਾ ਜਾਂਦਾ..............।*

*ਨਿੱਤ ਤਾਅਨੇ ਮੈਨੂੰ ਮਾਰਨ ਸਈਆਂ*
*ਹਾਣ ਦੀਆਂ ਸਭ ਕੰਤਾ ਨਾਲ ਗਈਆਂ*
*ਨਾ ਮੈਂ ਸੁਹਾਗਣ ਨਾ ਹੀ ਰੰਡੀ*
*ਕਾਹਦੀਆਂ ਮੈਂ ਸਜਾਵਾਂ ਪਾਈਆਂ*
*ਕਿਧਰੇ ਤੰਗ ਆਕੇ ਦੁੱਖਾਂ ਤੋਂ*
*ਮੌਤ ਨੂੰ ਗਲ ਲਵਾਂ ਨਾ ਲਾ ਸੋਹਨਿਆ*
*ਮੇਲਾ ਵਿਛੜਦਾ ਜਾਂਦਾ*
*ਆ ਸੋਹਨਿਆ ਵੇ*
*ਮੇਲਾ ਵਿਛੜਦਾ ਜਾਂਦਾ................।*

ਤਿਲ ਤਿਲ ਕਰਕੇ ਰੋਜ਼ ਮੈਂ ਮਰਦੀ
ਰਾਤ ਨਾ ਬੀਤੇ ਹੋਵੇ ਨਾ ਸਰਘੀ
ਹੌਂਕੇ, ਹੰਝੂ, ਮੈਂ ਖਾਵਾਂ ਪੀਵਾਂ
ਹੋਰ ਨਾ ਹੋਵੇ ਕੋਈ ਮੇਰੇ ਵਰਗੀ
ਖਾਣ ਨੂੰ ਆਵੇ ਨਿੰਮ ਦਾ ਬੂਟਾ
ਬੈਠਾਂ ਥੱਲੇ ਜਦ ਵੀ ਮੰਜੀ ਡਾਹ ਸੋਹਣਿਆ
ਮੇਲਾ ਵਿਛੜਦਾ ਜਾਂਦਾ
ਆ ਸੋਹਣਿਆ ਵੇ
ਮੇਲਾ ਵਿਛੜਦਾ ਜਾਂਦਾ.................।

ਮੂੰਹ 'ਤੇ ਕਿਲ ਗ਼ਮਾ ਦੇ ਨਿਕਲੇ
ਕੇਸਾਂ ਵਿੱਚ ਵੀ ਚਮਕਣ ਰਿਸ਼ਮਾਂ
ਵਸਲ ਤੇਰੇ ਲਈ ਕੀਤੀਆਂ ਦੁਆਵਾਂ
ਪਰ ਨਾ ਹੋਇਆ ਕੋਈ ਕਰਿਸ਼ਮਾਂ
ਸੋਨੇ ਵਰਗਾ ਰੂਪ ਵੇ ਮੇਰਾ
ਹਿਜ਼ਰ ਤੇਰੇ ਨੇ ਲਿਆ ਖਾ ਸੋਹਣਿਆ
ਮੇਲਾ ਵਿਛੜਦਾ ਜਾਂਦਾ
ਆ ਸੋਹਣਿਆ ਵੇ
ਮੇਲਾ ਵਿਛੜਦਾ ਜਾਂਦਾ.................।

# ਰੱਤ ਦੇ ਅੱਥਰੂ

*ਸੂਰਜ ਢਲਦੇ*
*ਚਾਵਾਂ ਦੇ ਪੰਛੀ*
*ਜਦ ਨੈਣਾਂ ਵੱਲ ਆਵਣਗੇ*
*ਦੀਦ ਤੇਰੇ ਦੇ*
*ਤ੍ਰਿਹਾਏ ਵੇ*
*ਗੀਤ ਹਿਜ਼ਰ ਦੇ ਗਾਵਣਗੇ*
*ਸੂਰਜ ਢਲਦੇ*
*ਚਾਵਾਂ ਦੇ ਪੰਛੀ*
*ਜਦ ਨੈਣਾਂ ਵੱਲ ਆਵਣਗੇ ।*

*ਹਿਜ਼ਰ ਤੇਰੇ ਦੀ*
*ਕਸੁੰਭ ਖਾਕੇ*
*ਹੌਂਕੇ ਹਾਵਾਂ*
*ਗਲ਼ ਨਾਲ ਲਾਕੇ*
*ਉਜੜੇ ਨੈਣਾਂ ਵਿੱਚ*
*ਬੀਤੇ ਵਕਤ ਨੂੰ ਸਜਾਵਣਗੇ*
*ਸੂਰਜ ਢਲਦੇ*
*ਚਾਵਾਂ ਦੇ ਪੰਛੀ*
*ਜਦ ਨੈਣਾਂ ਵੱਲ ਆਵਣਗੇ ।*

ਯਾਦਾਂ ਦੇ ਕਰ
ਤੀਲੇ ਇਕੱਠੇ
ਦੁੱਖਾਂ ਕੋਲੋਂ
ਅੱਕੇ – ਅੱਕੇ
ਕਰ ਕਰ ਚੇਤੇ ਵੇ ਤੈਨੂੰ
ਰੱਤ ਦੇ ਅੱਥਰੂ ਵਹਾਵਣਗੇ
ਸੂਰਜ ਢਲਦੇ
ਚਾਵਾਂ ਦੇ ਪੰਛੀ
ਜਦ ਨੈਣਾਂ ਵੱਲ ਆਵਣਗੇ ।

ਰਾਤ ਦਾ ਦਰਦ
ਤਨ 'ਤੇ ਹੰਡਾਕੇ
ਚੱਕਵੀ ਸੰਗ
ਦੁੱਖੜਾ ਵੰਡਾਕੇ
ਪਹੁ ਫੁਟਨ ਤੋਂ ਪਹਿਲਾ ਵੇ
ਪੂਰਬ ਵੱਲ ਨੂੰ ਉੱਡ ਜਾਵਣਗੇ
ਸੂਰਜ ਢਲਦੇ
ਚਾਵਾਂ ਦੇ ਪੰਛੀ
ਜਦ ਨੈਣਾਂ ਵੱਲ ਆਵਣਗੇ ।

# ਤਿੜਕੀ ਹੋਈ ਹੋਂਦ

*ਮੈਂ ਓਦਰੇਵਿਆਂ 'ਤੇ ਉਕੇਵਿਆਂ ਦੀ*
*ਚਾਦਰ ਤਾਣਕੇ*
*ਸੋਚਾਂ ਦੇ ਹਨੇਰੇ ਵਿੱਚ*
*ਸੌਂਦਾ ਨਹੀਂ ।*
*ਮੈਂ ਤਾਂ ਚਲਦਾ ਹੀ ਰਹਿੰਦਾ ਹਾਂ*
*ਨਿਰੰਤਰ !*
*ਇਕ ਨਦੀ ਦੇ ਵਾਂਙੂੰ*
*ਰੁਕਣਾ ਮੇਰੇ ਲਈ ਸੰਭਵ ਨਹੀਂ ।*
*ਉਂਝ ਜੇ ਕਦੇ ਮੈਨੂੰ*
*ਉਦਾਸੀ ਨੇ ਆਣ ਘੇਰ ਵੀ ਲਿਆ*
*ਤਾਂ*
*ਮੇਰੇ ਇਕਲਾਪੇ ਨੇ*
*ਚੁੱਪ ਦੇ ਗੋਡੀ ਲੱਗਕੇ*
*ਕੁਝ ਪਲ ਵਿਰਲਾਪ ਕਰ ਲਿਆ*
*ਤੇ ਫਿਰ*
*ਆਪੇ ਚੁਪ ਨੇ*
*ਇਸ ਨੂੰ ਵਰਾ ਲਿਆ ।*
*ਉਂਝ ਤਾਂ*
*ਉਦਾਸੀ ਨਾਲ ਖੇਲਣ ਦਾ ਇਲਮ*
*ਮੈਂ ਜੰਮਣੋਂ ਪਹਿਲਾਂ ਹੀ ਸਿੱਖ ਲਿਆ ਸੀ*
*'ਤੇ ਥਕੇਵਿਆਂ ਨੂੰ ਆਪਣੇ ਤੋਂ*
*ਕਿੱਦਾਂ ਰੱਖਣਾ ਹੈ ਦੂਰ*
*ਮੈਨੂੰ ਸਮੇਂ ਨੇ ਸਿੱਖਾ ਦਿੱਤਾ ।*

*ਉਂਝ ਤਾਂ ਮੇਰੀ ਹੋਂਦ ਦੇ ਰੁੱਖ ਨੇ
ਕੁਝ ਕੁ ਹੀ ਰੁੱਤਾਂ ਦੇਖੀਆਂ ਨੇ
ਪਰ!
ਹਰ ਇਕ ਰੁੱਤ ਨੂੰ ਮੈਂ
ਬਾਹਲਾ ਹੀ ਨੇੜਿਓ ਤੱਕਿਆ ਹੈ
'ਤੇ ਜਾਣਿਆ ਹੈ ।
ਮੈਂ ਹਰ ਇਕ ਰੁੱਤ ਨੂੰ
ਇਕ ਇਕ ਜਨਮ ਵਾਂਙੂੰ ਹੰਡਾਇਆ ਹੈ
ਤਾਂਈ ਤਾਂ ਮੇਰੀ ਸੋਚ 'ਤੇ ਉਮਰ
ਮੇਰੀ ਹੋਂਦ ਨਾਲੋਂ
ਕਿਤੇ ਵਡੇਰੀ ਜਾਪਦੀ ਹੈ ।
ਉਂਝ ਤਾਂ ਹਰ ਯੁਗ ਵਿੱਚ
ਆਦਮ ਵਿੱਚੋਂ ਆਦਮ ਮਰਦਾ ਹੈ
ਪਰ ਜਦ ਮੇਰੇ ਵਿੱਚੋਂ 'ਮੈਂ' ਮਰਿਆ
ਜਦੋਂ ਮੈਨੂੰ
ਇਕਲਾਪੇ ਦੇ ਹਨੇਰੇ ਨੇ ਆਣ ਘੇਰਿਆ
ਉਦੋਂ ਮੇਰੀ ਉਮਰ ਨਹੀਂ ਸੀ।
ਉਦੋਂ ਤਾਂ ਮੇਰੀ ਉਮਰ
ਰੇਤ ਦੇ ਘਰ ਬਣਾਕੇ
ਖੇਲ੍ਹਾਂ ਖੇਲ੍ਹਣ ਦੀ ਸੀ
ਉਦੋਂ ਤਾਂ ਮੇਰੀ ਉਮਰ
ਮਾਂ ਬੁੱਡੀਆਂ ਫੜਨ
'ਤੇ ਉਡਾਣ ਦੀ ਸੀ
ਉਦੋਂ ਤਾਂ ਮੇਰੀ ਉਮਰ
ਸੁਨਹਿਰੀ ਸੁਫ਼ਨੇ ਬੁਣਨ ਦੀ ਸੀ
ਉਦੋਂ ਤਾਂ ਮੇਰੀ ਉਮਰ
ਵੱਧਣ ਫੁੱਲਣ ਦੀ ਸੀ
ਜਦੋ ਮੇਰੀ ਹੋਂਦ
ਤਿੜਕਣੀ ਸ਼ੁਰੂ ਹੋ ਗਈ ।*

*ਉਂਝ ਜਿਸਮਾ ਦੀ ਭੀੜ ਨਾਲ*
*ਹਰਿਕ ਨਾਤਾ ਹੈ ਮੇਰਾ*
*’ਤੇ ਇਸ ਭੀੜ ਵਿੱਚ*
*ਕਈ ਨਾਤੇਦਾਰ ਵੀ ਨੇ ਮੇਰੇ*
*ਪਰ ਫਿਰ ਵੀ ਮੈਨੂੰ*
*ਸਾਰੇ ਹੀ ਨਾਤੇ*
*ਨਿਰਮੋਹੇ ਜਾਪਦੇ ਨੇ*
*ਖ਼ਬਰੇ ਕਿਉਂ ?*
*ਉਂਝ ਤਾਂ ਚੰਗਾਂ ਲੱਗਦਾ ਹੈ*
*ਨਾਤੇਦਾਰਾ ਨੂੰ ਭੀੜ ’ਚ ਗੁੰਮਦਿਆਂ ਦੇਖ*
*ਕਿਉਂ ਕਿ ਮੈਂ ਜਾਣਦਾ ਹਾਂ*
*ਗੁੰਮ ਗਿਆਂ ਨੂੰ ਮੈਂ*
*ਇਕ ਨਾ ਇਕ ਦਿਨ*
*ਲੱਭ ਹੀ ਲਵਾਂਗਾ ਆਖ਼ਰ ।*
*ਕਿਉਂ ਜੋ ਮੈਂ ਮਿੱਟੀ ਦੀ ਹੋਂਦ ਹਾਂ*
*’ਤੇ ਜਾਣਦਾ ਹਾਂ*
*ਮਿੱਟੀ ਤੋਂ ਬਣੀ ਕੋਈ ਵੀ ਵਸਤੂ*
*ਤਿੜਕ ਕੇ ਜੁੜਦੀ ਨਹੀਂ*
*ਸਗੋਂ ਟੁਟਦੀ ਹੈ*
*’ਤੇ ਫਿਰ ਟੁਟਕੇ ਕੋਈ ਵੀ ਚੀਜ਼*
*ਜੁੜਦੀ ਨਹੀਂ ।*
*ਇਸ ਲਈ ਨਾਤੇ ਤਿੜਕਣ ਨਾ*
*ਗੁੰਮ ਜਾਣ*
*ਇਸ ਵਿੱਚ ਮੈਂ ਖ਼ੁਸ਼ ਹਾਂ*
*ਕਿਉਂ ਕਿ ਮੇਰੀ ਹੋਂਦ ਤਾਂ*
*ਤਿੜਕ ਚੁੱਕੀ ਏ*
*’ਤੇ ਤਿੜਕ ਚੁੱਕੀ ਹੋਂਦ ਦਾ*
*ਕੋਈ ਭਰੋਸਾ ਨਹੀਂ*
*ਕੋਈ ਵਸਾਹ ਨਹੀਂ ।*

*'ਉਹਨਾਂ' ਨੇ ਤਾਂ*
*ਮੇਰੇ 'ਤੇ ਆਪਣੇ ਵਿੱਚ*
*ਇਕ ਲੀਕ ਵਾਹ ਦਿੱਤੀ*
*ਇਹ ਲੀਕ ਤਰੇੜ ਵਰਗੀ*
*ਉਹ ਨਹੀਂ ਜਾਣਦੇ !*
*ਮੈਂ ਜਾਣਦਾ ਹਾਂ ਕਿ*
*ਤਰੇੜਾ ਵਿੱਚ ਵੀ*
*ਹੋਂਦ ਵੱਸਦੀ ਹੈ*
*ਤਿੜਕੀ ਹੋਈ ਹੋਂਦ*
*ਹਾਂ ਤਿੜਕੀ ਹੋਈ ਹੋਂਦ ।*
*ਤਿੜਕੀ ਹੋਈ ਹੋਂਦ ਵੀ*
*ਨਿਰਮੋਹੀ ਨਹੀਂ ਹੁੰਦੀ*
*ਇਹ ਵੀ ਮੋਹ ਲੱਭਦੀ*
*ਸਕੂਨ ਲੱਭਦੀ ਹੈ*
*ਜਿਸਮਾ ਦੀ ਭੀੜ 'ਚ*
*ਭਟਕਦੀ ਹੈ*
*ਮੋਹ ਨੂੰ ਤਰਸਦੀ ਹੈ ।*

# ਇਕ ਗੀਤ ਮੇਰੇ ਹਾਣ ਦਾ

*ਮਾਏ ਨੀ ਮਾਏ*
*ਇਕ ਗੀਤ ਮੇਰੇ ਹਾਣ ਦਾ*
*ਸਦੀਵੀਂ ਨੀਂਦਰ ਸੌਂ ਗਿਆ*
*ਬਿਨ ਉਹਦੇ ਜੀਵਨ ਮੇਰਾ*
*ਵੀਰਾਨ ਜਿਹਾ ਹੋ ਗਿਆ*
*ਮਾਏ ਨੀ ਮਾਏ.......।*

*ਸਾਉਣ ਮਹੀਨੇ ਯਾਦ 'ਚ ਉਦ੍ਹੇ*
*ਮਾਏ ਨੀ ਅੱਖ ਮੇਰੀ ਰੋਵੇ*
*ਰੱਤ ਪੀੜ ਦੀ ਜਿਗਰ ਮੇਰੇ 'ਚੋਂ*
*ਅੱਠੇ ਪਹਿਰ ਨੀ ਚੋਵੇ*
*ਮੇਰੇ ਵਿਹੜੇ ਕੌਣ ਨੀ ਚੰਦਰਾ*
*ਤੇਲ ਗ਼ਮਾ ਦਾ ਚੋ ਗਿਆ*
*ਮਾਏ ਨੀ ਮਾਏ.........।*

*ਨਕਸ਼ ਉਹਦੇ ਦਿਲ ਮੇਰੇ 'ਤੇ*
*ਅੰਮੀਏ ਅਜੇ ਵੀ ਉਕਰੇ*
*ਹਨੇਰੀ ਰਾਤ ਦੁੱਖਾਂ ਦੀ 'ਚ*
*ਯਾਦ ਉਹਦੀ ਲੋਅ ਕਰੇ*
*ਬਾਅਦ ਉਹਦੇ ਦਿਲ ਮੇਰਾ ਨੀ*
*ਗ਼ਮਾਂ ਦੇ ਵਿੱਚ ਸਮੋਅ ਗਿਆ*
*ਮਾਏ ਨੀ ਮਾਏ.........।*

*ਚੁਪ-ਚਾਪ ਰੋਜ਼ ਨੀ ਮਾਏ*
*ਮੈਂ ਰਾਤੀ ਮਾਤਮ ਕਰਦੀ ਹਾਂ*
*ਆਪੇ ਪਾ ਬਾਤਾ ਨੀ ਮੈਂ*
*ਆਪੇ ਹੁੰਗਾਰੇ ਭਰਦੀ ਹਾਂ*
*ਮੇਰੇ ਭਾਣੇ ਤਾਂ ਅੰਮੀਏ*
*ਮਹਿਕ ਦਾ ਸੂਰਜ ਮੋਅ ਗਿਆ*
*ਮਾਏ ਨੀ ਮਾਏ.........।*

*ਵਿਜੋਗ 'ਚ ਤਪਦੇ ਦਿਲ ਨੂੰ ਨੀ*
*ਨਾ ਕੱਤਕ ਪੌਣਾਂ ਠਾਰਦੀਆਂ*
*ਦੁੱਧ ਨਾਹਤੀਆਂ ਰਿਸ਼ਮਾਂ ਨੀ*
*ਦਿਲ ਨੂੰ ਸਬਰ ਨਾ ਚਾਰਦੀਆਂ*
*ਹਾਲ ਮੇਰਾ ਦੇਖ ਨੀ ਮਾਏ*
*ਅੱਜ ਤਾਰਾ ਤਾਰਾ ਰੋ ਗਿਆ*
*ਮਾਏ ਨੀ ਮਾਏ.........।*

*ਜੀਅ ਚਾਹੇ ਹੁਣ ਨੀ ਮਾਏ*
*ਜ਼ਿੰਦ ਵਾ-ਵਰੋਲਾ ਹੋ ਜਾਵੇ*
*ਪਾਂਧੀ ਸਾਹਾਂ ਦਾ ਨੀ ਅੰਮੀਏ*
*ਗੀਤ ਵਾਂਗਰ ਹੀ ਸੌਂ ਜਾਵੇ*
*ਸ਼ਰੀਕ ਬਣਕੇ ਵਕਤ ਨੀ ਮਾਏ*
*ਕਿਉਂ ਮੇਰੇ ਸਾਹਵੇਂ ਖਲੋ ਗਿਆ ?*
*ਮਾਏ ਨੀ ਮਾਏ.........।*

# ਗੀਤ

*ਬੀਤ ਗਏ ਜਿੱਦਾਂ ਹੋਰ ਵਾਰ 'ਤੇ ਮਹੀਨੇ*
*ਬੀਤ ਗਿਆ ਓਦਾਂ ਹੀ ਸਾਉਣ ਸੱਜਣਾਂ ।*
*ਮੈਂ ਰੋਈ ਰੱਖ ਮੱਥੇ ਉੱਤੇ ਬਾਹਵਾਂ*
*ਮੈਨੂੰ ਆਇਆ ਨਾ ਕੋਈ ਵਰਾਉਣ ਸੱਜਣਾਂ ।*

*ਛਾਈ ਕਾਲੀ ਘਟਾ ਵਰ੍ਹਿਆ ਅੰਬਰੋਂ ਪਾਣੀ*
*ਮੇਰੇ ਨੈਣਾ 'ਤੇ ਅੰਬਰਾਂ ਦੀ ਹੈ ਇਕ ਹੀ ਕਹਾਣੀ*
*ਹੁੰਦੀ ਮੌਤ ਨਾਲੋਂ ਭੈੜੀ ਜੂਨ ਬ੍ਰਿਹੋਂ ਦੀ ਹੰਢਾਣੀ*
*ਹੋਰ ਪਾ ਗਿਆ ਬਲਦੀ 'ਤੇ ਤੇਲ ਸਾਉਣ ਸੱਜਣਾਂ ।*

*ਕੰਧਾਂ ਪੋਚਦੀ ਰਹੀ ਮੈਂ ਸੋਚਾਂ ਸੋਚਦੀ ਰਹੀ*
*ਪੀੜ ਵਿਛੋੜੇ ਦੀ ਵਿੱਚੋਂ ਵਿੱਚ ਨੋਚਦੀ ਰਹੀ*
*ਤੇਰੇ ਮੁਖ ਦੇ ਦੀਦਾਰ ਨੂੰ ਰੂਹ ਮੇਰੀ ਲੋਚਦੀ ਰਹੀ*
*ਤੇਰੇ ਬਾਅਦ ਮੈਨੂੰ ਭੁੱਲਿਆ ਹੱਸਣ ਹਸਾਉਣ ਸੱਜਣਾਂ ।*

*ਲੱਗੇ ਤੀਆਂ ਦੇ ਮੇਲੇ ਸਭ ਸਖ਼ੀਆਂ ਆਈਆਂ*
*ਨੱਚ ਧਰਤ ਹਿਲਾਈ ਪੀਂਘਾ ਅੰਬਰੀ ਚੜ੍ਹਾਈਆਂ*
*ਤੇਰੇ ਦੀਦ ਨੂੰ ਮੈਂ ਤਰਸੀ, ਰਹੀਆਂ ਅੱਖੀਆਂ ਤ੍ਰਿਹਾਈਆਂ*
*ਮੈਂ ਮੇਲੇ ਵਿੱਚ ਵੀ ਗਾਇਆ ਸੋਗੀ ਗਾਉਣ ਸੱਜਣਾਂ ।*

*ਕੋਇਲ ਚੰਦਰੀ ਵੀ ਮੇਰੀ ਸ਼ਰੀਕ ਹੋ ਗਈ*
*ਸੌਂਤ ਮੇਰੀ ਅੱਜ ਮੇਰੇ ਹੱਥਾਂ ਦੀ ਲੀਕ ਹੋ ਗਈ*
*ਤੈਨੂੰ ਉਡੀਕ ਦੀ ਵੇ ਮੈਂ ਖ਼ੁਦ ਉਡੀਕ ਹੋ ਗਈ*
*ਪਰ ਨਾ ਹੋਇਆ ਫਿਰ ਵੀ ਤੇਰਾ ਆਉਣ ਸੱਜਣਾ ।*

# ਪੱਤਝੜ

*ਪੱਤਝੜਨ ਰੁੱਖਾਂ ਦੇ ਸੱਜਣਾਂ*
*ਚੱਲਣ ਸਰਦ ਹਵਾਵਾਂ ।*
*ਮਹਿਕ ਵਿਹੂਣੀ ਇਸ ਰੁੱਤੇ*
*ਦਿਲ ਭਰਦਾ ਠੰਡੀਆਂ ਹਾਵਾਂ ।*

*ਲਾਰੇ ਤੇਰੇ ਆਉਣ ਦੇ ਵੇ*
*ਮੈਂ ਜ਼ਿੰਦ ਨੂੰ ਰੋਜ਼ ਲਾਵਾਂ*
*ਗਲ਼ ਲਾ ਆਕੇ ਮੈਨੂੰ ਮਹਿਰਮਾਂ*
*ਮੈਂ ਵੀ ਗੀਤ ਵਸਲ ਦੇ ਗਾਵਾਂ*
*ਇਸ ਵਰ੍ਹੇ ਜੇ ਤੂੰ ਆਵੇਂ*
*ਮੈਂ ਘੇ ਦੇ ਦੀਪ ਜਗਾਵਾਂ*
*ਪੱਤਝੜਨ ਰੁੱਖਾਂ ਦੇ ਸੱਜਣਾਂ*
*ਚੱਲਣ ਸਰਦ ਹਵਾਵਾਂ ।*

*ਉਡੀਕਣ ਤੈਨੂੰ ਬੋਹੜ ਵੇ*
*ਨਾਲੇ ਉਡੀਕਣ ਸੁੰਨੀਆਂ ਰਾਵ੍ਹਾਂ*
*ਚਕਵੀ ਸੰਗ ਅਸਾਡੇ ਰਾਤੀ*
*ਵੇ ਦੇਵੇ ਤੈਨੂੰ ਸਦਾਵਾਂ*
*ਬਿਨ ਤੇਰੇ ਨਾ ਭਾਵਣ ਮਨ ਨੂੰ*
*ਚੰਦ ਦੀਆਂ ਕਲੋਲ ਕਲਾਵਾਂ*
*ਪੱਤਝੜਨ ਰੁੱਖਾਂ ਦੇ ਸੱਜਣਾਂ*
*ਚੱਲਣ ਸਰਦ ਹਵਾਵਾਂ ।*

ਬੋਟ ਖਾਣੀ ਇਸ ਰੁੱਤੇ ਵੇ
ਮੇਰਾ ਕੰਬਦਾ ਏ ਪਰਛਾਵਾਂ
ਸਾਵਣ ਨਾਲੋਂ ਜ਼ਿਆਦਾ ਵੇ ਮੈਂ
ਇਸ ਰੁੱਤੇ ਦਰਦ ਹੰਡਾਵਾਂ
ਵੱਗਦੇ ਹੰਝੂ ਨੈਣਾਂ 'ਚੋਂ
ਮੈਂ ਕਿੱਦਾਂ ਦੱਸ ਛੁਪਾਵਾਂ
ਪੱਤਝੜਨ ਰੁੱਖਾਂ ਦੇ ਸੱਜਣਾਂ
ਚੱਲਣ ਸਰਦ ਹਵਾਵਾਂ ।

ਲੰਬਾਂ ਪੈਡਾਂ ਉਮਰ ਦਾ ਵੇ
ਮੈਂ 'ਕੱਲੀ ਕਿੰਝ ਮੁਕਾਵਾਂ
ਮੌੜ ਮੁਹਾਰਾਂ ਸਾਂਵਰਿਆਂ
ਤੈਨੂੰ ਹਾਕਾਂ ਮਾਰ ਬੁਲਾਵਾਂ
ਤੂੰ ਹੀ ਜਾ ਕੇ ਦੇ ਸੁਨੇਹਾ
ਮੁੰਡੇਰ 'ਤੇ ਗਾਉਂਦਿਆ ਕਾਵਾਂ
ਪੱਤਝੜਨ ਰੁੱਖਾਂ ਦੇ ਸੱਜਣਾਂ
ਚੱਲਣ ਸਰਦ ਹਵਾਵਾਂ ।

# ਗੀਤ

*ਆਲ੍ਹਣਿਆਂ ਵਿੱਚੋਂ ਪੰਛੀ ਉੱਡ ਗਏ*
*ਬੋਟਾਂ ਚੀਂ ਚੀਂ ਲਾਈ ।*
*ਘਰ ਧਰਤ ਦੇ ਕਿਰਨ ਸੁਨਹਿਰੀ*
*ਫੇਰ ਪਰਾਹੁਣੀ ਆਈ ।*

*ਕੁਦਰਤ ਜਾਗੀ ਚੜ੍ਹਦੇ ਪਾਸਿਓਂ*
*ਮੱਥੇ ਲਾਕੇ ਲਾਲੀ*
*ਟੁਰ ਪਏ ਵੱਗ ਬੇਲਿਆਂ ਵੱਲ ਨੂੰ*
*ਪਿੱਛੇ ਤੁਰ ਪਏ ਪਾਲ਼ੀ*
*ਠੰਡੀ ਠੰਡੀ 'ਵਾ ਪੁਰੇ ਦੀ*
*ਜਾਵੇ ਗੀਤ ਸੁਣਾਈ ।*

*ਟੋਲੀਆਂ ਬਣ ਮੁਟਿਆਰਾਂ ਮੁੜੀਆਂ*
*ਖੂਹ 'ਤੋਂ ਪਾਣੀ ਭਰਕੇ*
*ਖੇਤਾਂ ਵੱਲ ਹਾਲ਼ੀ ਟੁਰ ਪਏ*
*ਹਲ਼ ਮੋਢੇ 'ਤੇ ਧਰਕੇ*
*ਉੱਠ ਸੁਆਣੀ ਚੁੱਕ ਮਧਾਣੀ*
*ਚਾਟੀ ਦੇ ਵਿੱਚ ਪਾਈ ।*

ਲਹਿੰਦੇ ਪਾਸੇ ਹਲਟ ਪਿਆ ਚਲੇ
ਛਣ ਛਣ ਛਣਕਣ ਟੱਲੀਆਂ
ਉਡੀਆਂ ਗੁਟਾਰਾਂ ਬਣਾਕੇ ਡਾਰਾਂ
ਦਾਣਾ ਲੱਭਣ ਚੱਲੀਆਂ
ਮੈਂ ਵੀ ਟੁਰਿਆ ਆਪਣੇ ਘਰ ਤੋਂ
ਸੀਨੇ ਦਰਦ ਛੁਪਾਈ ।

ਗੀਤ ਇਲਾਹੀ ਗਾਉਂਦਾ ਫਿਰਦਾ
ਗਲੀਆਂ ਵਿੱਚ ਫ਼ਕੀਰ
ਇਕ ਇਕ ਹਰਫ਼ ਉਹਦੇ ਗੀਤ ਦਾ
ਜਾਏ ਕਲੇਜਾ ਚੀਰ
ਗੀਤ ਦਰਦੀਲੇ ਅੱਖੀਆਂ 'ਚ ਅੱਥਰੂ
ਹੋਂਠ ਜਾਣ ਮੁਸਕਾਈ ।

# ਗੀਤ

*ਨੀਲੇ ਅਸਮਾਨੀ ਫਿਰ ਚੜ੍ਹ ਆਈ*
*ਸਾਵਨ ਦੀ ਕਾਲੀ ਘਟਾ ਸੱਜਣਾਂ*
*ਆ ਵੇ ਆ ਹੁਣ ਘਰ ਤੂੰ ਆਕੇ*
*ਮੇਰੇ ਨੈਣਾਂ ਦੀ ਪਿਆਸ ਬੁਝਾ ਸੱਜਣਾਂ*
*ਨੀਲੇ ਅਸਮਾਨੀ ਫਿਰ ਚੜ੍ਹ ਆਈ*
*ਸਾਵਨ ਦੀ ਕਾਲੀ ਘਟਾ ਸੱਜਣਾਂ ।*

*ਵਿਹੜੇ ਮੇਰੇ ਦਾ ਸੁੰਨਾ ਬੂਹਾ*
*ਬਿੱਟ-ਬਿੱਟ ਰਾਹ ਤੱਕਦਾ ਤੇਰਾ ਵੇ*
*ਬਿਨ ਤੇਰੇ ਉਦਾਸ ਹੈ ਜ਼ਿੰਦਗੀ*
*ਉਦਾਸ ਹੈ ਚਾਰ ਚੁਫੇਰਾ ਵੇ*
*ਫਿੱਟ ਗਈ ਮੇਰੇ ਹੱਥਾਂ ਦੀ ਮਹਿੰਦੀ*
*ਰੋਂਦੇ ਮਨ ਦੇ ਕੁਵਾਰੇ ਚਾਅ ਸੱਜਣਾਂ*
*ਨੀਲੇ ਅਸਮਾਨੀ ਫਿਰ ਚੜ੍ਹ ਆਈ*
*ਸਾਵਨ ਦੀ ਕਾਲੀ ਘਟਾ ਸੱਜਣਾਂ ।*

*ਕਾਂਗ ਉਡਾਏ, ਪੀਰ ਮਨਾਏ*
*ਸੁੱਖਾਂ ਵੀ ਮੈਂ ਸੁਖੀਆਂ ਕਈ*
*ਪਰ ਨਾ ਰੱਬ ਬਹੁੜਿਆ ਮੈਨੂੰ*
*ਨਾ ਪੀਰਾਂ ਨੇ ਹੀ ਸਾਰ ਲਈ*
*ਕਿਉਂ ਤੈਨੂੰ ਮੇਰਾ ਚੇਤਾ ਭੁਲਿਆ ?*
*ਕਿਹੜੀ ਹੋ ਗਈ ਮੈਥੋਂ ਖ਼ਤਾ ਸੱਜਣਾਂ*
*ਨੀਲੇ ਅਸਮਾਨੀ ਫਿਰ ਚੜ੍ਹ ਆਈ*
*ਸਾਵਨ ਦੀ ਕਾਲੀ ਘਟਾ ਸੱਜਣਾਂ ।*

*ਇਕੇਰਾਂ ਆਕੇ ਦੇਖ ਤੇਰੇ ਲਈ*
*ਕਿੱਦਾਂ ਤੜਫ਼ੇ ਮੇਰੀ ਆਤਮਾ*
*ਤੂੰ ਹੈ ਮੇਰੇ ਮਨ ਦਾ ਮਹਿਰਮ*
*ਤੂੰ ਹੀ ਹੈ ਮੇਰਾ ਪਰਮਾਤਮਾ*
*ਤੂੰ ਮੇਰਾ ਆਦਿ 'ਤੇ ਅੰਤ ਵੇ*
*ਤੇਰੇ ਨਾਂ ਦਿੱਤਾ ਜੀਵਨ ਲਾ ਸੱਜਣਾਂ*
*ਨੀਲੇ ਅਸਮਾਨੀ ਫਿਰ ਚੜ ਆਈ*
*ਸਾਵਨ ਦੀ ਕਾਲੀ ਘਟਾ ਸੱਜਣਾਂ ।*

# ਹਲਫ਼ ਨਾਮਾ

*ਐ ਔਰਤ !*
*ਮੈਂ ਆਦਮ ਜਾਤ*
*ਆਦਮ ਦਾ ਪੁੱਤਰ*
*ਤੇਰੇ ਸਾਹਵੇਂ ਹੱਥ ਬੰਨਕੇ*
*ਅਰਜ਼ੋਈ ਕਰਦਾ ਹਾਂ*
*ਮੈਂ ਤੈਨੂੰ ਅਜ਼ਲ ਤੋਂ ਹੀ*
*ਦਬਾਈ ਰੱਖਿਆ ਹੈ*
*ਮੈਂ ਤੇਰਾ–*
*ਤੇਰੀਆਂ ਸੱਧਰਾਂ ਦਾ ਕਾਤਲ ਹਾਂ*
*ਮੈਂ ਤੇਰਾ ਮੁਜਰਿਮ ਹਾਂ*
*ਤੂੰ ਮੇਰੀ ਹਰਿੱਕ ਬੁਰਾਈ 'ਤੇ*
*ਆਪਣੀ ਜਰਨ ਸ਼ਕਤੀ ਦਾ*
*ਪਰਦਾ ਪਾ ਦਿੱਤਾ*
*ਪਰ ਮੈਂ ਵਹਿਸ਼ੀ,*
*ਕਮੀਨਾ !*
*ਆਪਣੇ ਕਮੀਨੇ ਪਨ 'ਤੋਂ*
*ਬਾਜ਼ ਨਾ ਆਇਆ ।*
*ਭਲਾ ਤੂੰ ਹੀ ਦੱਸ*
*ਮੈਨੂੰ ਕੀ ਹੱਕ ਸੀ ?*
*ਤੈਨੂੰ ਦਾਅ 'ਤੇ ਲਾਉਣ ਦਾ*
*ਕੋਈ ਨਹੀਂ..... ਨਾ....*
*ਪਰ......*
*ਮੈਂ ਤੈਨੂੰ ਨੁਮਾਇਸ਼ ਦੀ*
*ਸਿਰਫ਼ ਨੁਮਾਇਸ਼ ਦੀ*
*ਸਮਝਿਆ ਇਕ ਵਸਤ*
*'ਤੇ ਤੈਨੂੰ ਦਾਅ 'ਤੇ ਲਗਾ ਦਿੱਤਾ*
*'ਤੇ ਹਾਰ ਗਿਆ ।*
*ਜਿੱਤਿਆ ਵੀ ਕੌਣ ?*
*ਮੈਂ ਹੀ*

*ਹਾਂ ਮੈਂ ਹੀ।*
*ਫਿਰ ਮੈਂ ਦਿਖਾਇਆ ਆਪਣਾ*
*ਦੂਸਰਾ ਕਮੀਨਾ ਰੂਪ*
*ਮੈਂ ਤੈਨੂੰ ਕੇਸਾ 'ਤੋਂ ਫੜ*
*ਧੂਹ ਲਿਆਇਆਂ*
*ਸ਼ਰੇ ਆਮ*
*ਸ਼ਰੇ ਬਜ਼ਾਰ ।*
*ਇੱਥੇ ਹੀ ਬੱਸ ਨਹੀਂ*
*ਮੈਂ ਪਹੁੰਚ ਗਿਆ*
*ਆਪਣੇ ਕਮੀਨੇ ਪਨ ਦੀ ਸਿਖ਼ਰ 'ਤੇ*
*'ਤੇ ਤੈਨੂੰ ਕਰ ਦਿੱਤਾ 'ਨੰਗੀ'*
*ਤੂੰ ਖ਼ਾਮੋਸ਼*
*ਨਹੀਂ ਖ਼ਾਮੋਸ਼ ਨਹੀਂ ਸੀ ਤੂੰ*
*ਪਰ ਤੇਰੀ ਅਵਾਜ਼ ਕਿਸੇ ਨਾ ਸੁਣੀ*
*ਤੂੰ ਰੱਤ ਦੇ ਅੱਥਰੂ ਪੀ ਗਈ*
*ਮੈਨੂੰ ਫਿਰ ਵੀ ਸ਼ਰਮ ਨਾ ਆਈ*
*ਮੇਰੇ ਅੰਦਰਲਾ ਕਾਲਾ ਨਾਗ਼*
*ਫੁੰਕਾਰਿਆ........*
*ਫੁੰਕਾਰਿਆ ਹੰਕਾਰ ਨਾਲ ਭਰਿਆ*
*'ਤੇ ਮੈਂ ਤੇਰੀ ਆੜ 'ਚ*
*ਆ ਗਿਆ 'ਕੁਰੂਕਸ਼ੇਤਰ'*
*ਕਾਰਨ ਭਾਵੇਂ ਹੋਰ ਸਨ*
*ਪਰ ! ਮੁੱਦਾ ਤੂੰ ਹੀ ਬਣੀ*
*ਮੈਂ ਹਜ਼ਾਰਾ-ਲੱਖਾਂ ਨੂੰ ਮਾਰਿਆ*
*ਜਿਹਨਾਂ ਨੂੰ ਮਾਰਿਆ 'ਉਹ' ਵੀ*
*ਮੇਰਾ ਹੀ ਅਕਸ ਸਨ ।*
*ਮਰਿਆ ਮੈਂ*
*ਮਾਰਿਆ ਵੀ ਮੈਂ*
*ਪਰ ਵੈਣ ਤੂੰ ਪਾਏ*
*ਰੰਡੇਪਾ ਤੂੰ ਹੰਡਾਇਆ*
*ਉੱਜੜੀ ਫੇਰ ਤੂੰ ਹੀ*

*ਤੂੰ ਫਿਰ ਸਬਰ ਕਰ ਲਿਆ*
*ਬੈਠੀ ਰਹੀ ਚੁੱਪ ਚਾਪ*
*ਕਿਉਂ ਕਿ ਤੂੰ.........*
*ਔਰਤ ਸੀ ।।*
*ਇਹੋ ਜਿਹੇ ਕੁਕਰਮ*
*ਕੀਤੇ ਕਈ ਹੋਰ ਮੈਂ*
*ਜਿਹਨਾਂ ਵਿੱਚੋਂ ਆ ਰਿਹਾਂ ਏ*
*ਇਕ ਹੋਰ ਯਾਦ ਮੈਨੂੰ*
*ਇਹ ਕੁਕਰਮ*
*ਸ਼ਾਇਦ !*
*ਪਹਿਲੇ ਨਾਲੋਂ ਪਹਿਲਾਂ ਦਾ ਹੈ*
*ਹਾਂ ਪਹਿਲਾਂ ਦਾ ਹੀ ਹੈ ।*
*ਮੈਂ ਆਪਣੀ 'ਮੈਂ' ਪੁਗਾਵਣ ਲਈ*
*ਕੀਤਾ ਤੇਰਾ 'ਹਰਨ'*
*'ਤੇ ਫਿਰ ਉਹੀ ਵਿਥਿਆ*
*ਖੜਕ-ਖੜਕੀ*
*ਤੀਰ ਚਲੇ*
*ਮੌਤ ਨੇ ਕੀਤਾ ਰੱਜਕੇ ਤਾਂਡਵ*
*'ਤੇ ਮੈਂ ਧਰਮ ਦੀ ਆੜ 'ਚ*
*ਤੈਨੂੰ ਰੱਜਕੇ ਲੁਟਿਆ*
*ਸੰਧੂਰ ਮਿਟਾਏ*
*ਰੱਖੜੀਆਂ ਸਾੜੀਆਂ*
*ਕਈ ਮਾਂਵਾਂ ਦੀਆਂ ਗੋਦਾਂ ਉਜਾੜੀਆਂ*
*'ਤੇ ਨਾਂ ਫਿਰ ਤੇਰਾ ਹੀ ਲਿਆ ।*
*ਤੈਨੂੰ ਲੈ ਆਇਆਂ ਆਪਣੇ ਨਾਲ*
*ਪਰ ਤੇਰੇ ਚਰਿੱਤਰ ਉੱਤੇ*
*ਰਿਹਾ ਨਾ ਮੈਨੂੰ ਵਿਸ਼ਵਾਸ਼*
*ਹੋਈ ਅਗਨ ਪਰੀਕਸ਼ਾ*
*ਹੋਏ ਵਾਅਦੇ ।*
*ਇਕ ਵਾਰੀ ਫਿਰ ਮੈਂ*
*ਲਈ ਸਮਾਜ ਦੀ ਓਟ*

*ਭੁਲੇ ਸਾਰੇ ਮੈਨੂੰ ਕੌਲ-ਕਰਾਰ*
*ਤੈਨੂੰ ਛੱਡ ਆਇਆਂ*
*ਜੰਗਲ ਵਿੱਚ ਮੈਂ*
*ਭਟਕਣ ਲਈ........।*
*ਕੀ ਕਸੂਰ ਸੀ ਤੇਰਾ ?*
*ਬਸ ਇੰਨਾਂ ਕੁ ਹੀ ਨਾ*
*ਕਿ ਤੂੰ ਮੇਰੇ ਦੁੱਖਾਂ 'ਚ*
*ਮੇਰਾ ਦਿੱਤਾ ਪੂਰਾ ਸਾਥ*
*ਚੱਲੀ ਤੂੰ ਮੇਰੇ ਨਾਲ ਨਾਲ ।।*
*ਚੱਲੋ ਛੱਡੋ !*
*ਇਹ ਹੈ ਵਿਥਿਆ ਪੁਰਾਣੀ*
*ਸੁਣਾਉਂਦਾ ਹੁਣ ਨਵੀਂ ਕਹਾਣੀ ।*
*ਪਾ ਦਿਓ ਮਿੱਟੀ*
*ਢੱਕ ਦਿਓ ਕਹਿਕੇ ਨਾ ਸਮਝੀ ।*
*ਚੱਲੋ ਕਰੀਏ ਅੱਜ ਦੀ ਗੱਲ*
*ਇੱਕਵੀਂ ਸਦੀ ਦੀ ਤਰੱਕੀ 'ਤੇ ਵਿਚਾਰ*
*ਪਰ !*
*ਅੱਜ ਦੀ ਗੱਲ*
*ਇਕਵੀਂ ਸਦੀ ਦੀ ਤਰੱਕੀ*
*ਉਫ਼ !*
*ਅੱਜ ਤਾਂ ਤੇਰਾ*
*ਕੱਲ੍ਹ ਨਾਲੋਂ ਵੀ ਹੈ ਬੁਰਾ ਹਾਲ*
*ਅੱਜ ਵੀ ਤੇਰਾ ਹੋ ਰਿਹਾ ਵਪਾਰ*
*ਰਹੀਂ ਏ ਅੱਜ ਵੀ ਤੂੰ ਤਾਂ ਵਿੱਕ*
*ਅੱਜ ਵੀ ਤੇਰਾ ਮੈਂ ਹੀ ਹਾਂ ਦਲਾਲ ।*

*ਤੇਰਾ ਕਤਲ ਅੱਜ ਵੀ ਹੁੰਦਾ*
*ਗਰਭ ਜੂਨੇ*
*ਕਦੇ ਜੋਬਨ ਰੁੱਤੇ*
*'ਤੇ ਕਾਤਲ ਅੱਜ ਵੀ ਮੈਂ ਹੀ ਹਾਂ*
*ਸਿੱਧੇ ਜਾਂ ਅਸਿੱਧੇ ਰੂਪ 'ਚ ।*
*ਹੇ 'ਵੀਨਸ' !*
*ਮੈਂ ਤੇਰਾ ਕਾਤਲ ਹਾਂ*
*ਤੇਰਾ ਮੁਜਰਿਮ ਹਾਂ*
*ਤੂੰ ਮੈਨੂੰ ਦੇ ਸਰਾਪ*
*ਮੈਂ ਇਨਸਾਨ ਨਹੀਂ*
*ਹਾਂ ਮੈਂ ਵਹਿਸ਼ੀ*
*ਮੈਂ ਹਾਂ ਹੈਵਾਨ ।*
*ਮੈਂ ਨਾ ਸੁਧਰਿਆ*
*ਨਾ ਸੁਧਰਨਾ*
*'ਤੇ ਤੇਰਾ ਰਹਿਣਾ ਕਰਦਾ ਬੁਰਾ ਹਾਲ*
*ਪਰ ਤੂੰ ਰਹਿਣਾ ਸਹਿੰਦੀ*
*ਤੂੰ ਨਾ ਕਰਨਾ ਕੋਈ ਸਵਾਲ*
*ਕਿਉਂਕਿ ਤੂੰ ਹੈ..........*
*ਕਿਉਂਕਿ ਤੂੰ ਹੈ..........*
*ਔਰਤ !*

# ਹਿਜ਼ਰ ਦਾ ਹਾੜ

*ਮਾਏ ਨੀ ਮਾਏ ਉੱਠ ਦੇਖ ਭਲਾ*
*ਕਿਸ ਬੂਹਾ ਆਣ ਖੜਕਾਇਆ*
*ਵਰ੍ਹਿਆਂ ਪਿੱਛੋਂ ਦਰ ਸਾਡੇ ਦਾ*
*ਕਿਸ ਆਕੇ ਭਾਗ ਜਗਾਇਆ*
*ਮਾਏ ਨੀ ਮਾਏ ਉੱਠ ਦੇਖ ਭਲਾ*
*ਕਿਸ ਬੂਹਾ ਆਣ ਖੜਕਾਇਆ ।*

*ਦੇਖ ਨੀ ਅੰਮੀਏ ਕਿਤੇ ਉਹ ਨਾ ਹੋਵੇ*
*ਜਿਸ ਲਈ ਔਂਸੀਆਂ ਪਾਉਂਦੀ ਸਾਂ*
*ਸਿਧਾਂ ਤੋਂ ਮੰਗਦੀ ਸੀ ਮੁਰਾਦਾਂ*
*ਦਰ ਪੀਰਾਂ ਦੇ ਚਿਰਾ.ਗ ਜਗਾਉਂਦੀ ਸਾਂ*
*ਵਲ਼ਦੀ ਸਾਂ ਪਿਪਲ ਨੂੰ ਤੰਦਾਂ  ਕੱਚੀਆਂ*
*ਨਾਲੇ ਹਾੜੇ ਕਾਂਵਾਂ ਦੇ ਪਾਉਂਦੀ ਸਾਂ*
*ਦੇਖ ਨੀ ਮੈਂ ਨਿਮਾਣੀ ਦਾ ਚੇਤਾ*
*ਕਿਤੇ ਉਹਨੂੰ ਤਾਂ ਨਈਂ ਆਇਆ ।*

*ਹੋਇਆ ਨੀ ਜੇ ਉਹ ਮਹਿਰਮ ਦਿਲ ਦਾ*
*ਚੋ ਕੇ ਤੇਲ ਅੰਦਰ ਉਸਨੂੰ ਲਿਆਈਂ*
*ਡਾਹਕੇ ਮੰਜੀ ਨਿੰਮ ਦੀ ਛਾਂਵੇਂ*
*ਉੱਤੇ ਕੋਰੀ ਲੱਠੇ ਦੀ ਚਾਦਰ ਵਿਛਾਈਂ*
*ਪਾਣੀ ਦੇਈਂ ਪੀਣ ਨੂੰ ਘੜੇ ਦਾ ਪਹਿਲਾਂ*
*ਫਿਰ ਝੱਲਣ ਲਈ ਪੱਖੀ ਹੱਥ ਫੜਾਈ*
*ਹਾਲ ਚਾਲ ਪੁੱਛ ਸੌਂਣ ਨੂੰ ਆਖੀਂ*
*ਹੋਣਾ ਥੱਕਿਆ ਸਫ਼ਰ ਦਾ ਸਤਾਇਆ ।*

*ਦਰ 'ਤੇ ਖੜ੍ਹਾ ਅੱਕ ਨਾ ਜਾਵੇ*
*ਉੱਠ ਜਾਕੇ ਖੋਲ੍ਹ ਛੇਤੀ 'ਕੁਆੜ' ਨੀ*
*ਵੰਡਾਂਗੀ ਗੁੜ ਘਰ ਘਰ ਜਾਕੇ*
*ਮੁੱਕ ਗਿਆ ਜੇ ਹਿਜ਼ਰ ਦਾ ਹਾੜ ਨੀ*
*ਫਿਰ ਖਿੜਨਗੇ ਫੁੱਲ ਵਿਹੜੇ ਵਸਲ ਦੇ*
*ਜਿਹੜੇ ਦਿੱਤੇ ਵਕਤ ਨੇ ਸਾੜ ਨੀ*
*ਨਿਆਜ਼ ਦੇਵਾਂਗੀ ਉਸ ਪੀਰ ਦੇ ਨਾਂ ਦੀ*
*ਜਿਸ ਸਦਕਾ ਖਿੜਿਆ ਮੁੱਖ ਮੁਰਝਾਇਆ ।*

# ਗੀਤ

*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬੁਲਾਉਂਦੇ*
*ਬਿਨ ਤੇਰੇ ਮਨ ਮੇਰੇ ਦੇ ਚਾਅ*
*ਹੌਂਕੇ ਭਰਦੇ ਰੋਂਦੇ 'ਤੇ ਕਰਲਾਉਂਦੇ*
*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬਲਾਉਂਦੇ........।*

*ਮੇਰੇ ਗੀਤਾਂ ਦਾ ਇਕ ਇਕ ਹਰਫ਼*
*ਛੋਹ ਤੇਰੀ ਨੂੰ ਤਰਸੇ ਵੇ*
*ਹਿਜ਼ਰ ਤੇਰੇ ਦੀ ਅੱਗ 'ਚ ਝੁਲਸਾਂ*
*ਜਦ ਜਦ ਕਾਲੀ ਘਟਾ ਵਰਸੇ ਵੇ*
*ਖ਼ੂਹ ਦੀਆਂ ਟਿੰਡਾਂ ਵਾਗੂੰ ਨੈਣ ਮੇਰੇ*
*ਭਰ ਭਰ ਆਉਂਦੇ ਨੀਰ ਵਹਾਉਂਦੇ*
*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬਲਾਉਂਦੇ.........।*

*ਬਿਨ ਤੇਰੇ ਮੇਰੀਆਂ ਨਜ਼ਮਾਂ ਅਧੂਰੀਆਂ*
*ਅਧੂਰੀ ਹੈ ਮੇਰੀ ਜ਼ਿੰਦਗੀ ਵੇ*
*ਤੂੰ ਸੋਹਣਾ ਤੂੰ ਮੇਰਾ ਸ਼ਾਮ ਸਲੋਨਾ*
*ਤੂੰ ਹੀ ਹੈ ਮੇਰੀ ਬੰਦਗੀ ਵੇ*
*ਆ ਵੇ ਤੈਨੂੰ ਹਾਲ ਸੁਣਾਵਾਂ*
*ਵਿਜੋਗ ਦੇ ਪੰਛੀ ਕਿੱਦਾਂ ਮੈਨੂੰ ਸਤਾਉਂਦੇ*
*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬਲਾਉਂਦੇ..........।*

*ਪੰਛੀ ਪੰਖੇਰੂ ਸਭ ਘਰਾਂ ਨੂੰ ਪਰਤੇ*
*ਤੈਨੂੰ ਚੇਤਾ ਘਰ ਦਾ ਨਾ ਅਇਆ ਵੇ*
*ਮੈਂ ਤੱਤੜੀ ਤੋਂ ਕਿਉਂ ਤੂੰ ਰੁੱਸਿਆ*
*ਕਿਹੜਾ ਮੈਂ ਪਾਪ ਕਮਾਇਆ ਵੇ*
*ਦੱਸ ਤਾਂ ਸਹੀ ਤੂੰ ਕਿਉਂ ਨਾ ਪਰਤਿਆ*
*ਸੁਬ੍ਹਾ ਦੇ ਗਏ ਸਭ ਘਰਾਂ ਨੂੰ ਆਉਂਦੇ*
*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬਲਾਉਂਦੇ..........।*

*ਅੱਖਾਂ ਅੱਖਾਂ ਵਿੱਚ ਲੰਘ ਜਾਵੇ ਰਾਤ*
*ਪਤਾ ਨਾ ਲੱਗੇ ਕਦ ਹੋ ਜਾਂਦੀ ਸਵੇਰ ਵੇ*
*ਬੋਲੇ ਨਾ ਕਾਂ ਬਹਿਕੇ ਬਨੇਰੇ 'ਤੇ*
*ਸੁੰਨੀ ਸੁੰਨੀ ਰਹਿੰਦੀ ਸਦਾ ਹੀ ਮੁੰਡੇਰ ਵੇ*
*ਨੰਗੇ ਪੈਰੀਂ ਉੱਠਕੇ ਮੈਂ ਦੌੜਾਏ*
*ਬੁੱਲੇ ਹਵਾ ਦੇ ਬੂਹਾ ਜਦ ਖੜਕਾਉਂਦੇ*
*ਜ਼ਿੰਦਗੀ ਮੇਰੀ ਦੇ ਵਾਰਸਾ ਵੇ*
*ਤੈਨੂੰ ਮੇਰੇ ਗੀਤ ਬਲਾਉਂਦੇ..............।*

# ਸਵਾਂਤੀ ਬੂੰਦ

*ਤੇਰੇ ਦਿਲ ਵਿੱਚ ਵੀ*
*ਕੋਈ ਲੋਭ ਨਹੀਂ*
*ਮਨ ਤੇਰਾ ਪਾਕ ਸੀ*
*ਮੇਰੇ ਲਈ*
*ਸਿਰਫ਼ ਮੇਰੇ ਲਈ ।*
*ਮੈਨੂੰ ਲੁਭਾਵਨ ਲਈ*
*ਤੂੰ ਆਪਣੇ ਮੁੱਖ ਨੂੰ ਸ਼ਿਗਾਰਿਆ ਨਹੀਂ*
*ਤੂੰ ਮੇਰੇ 'ਤੇ ਰੋਹਬ ਪਾਉਂਣ ਲਈ*
*ਕਿਸੇ ਮਤਰੇਈ ਭਾਸ਼ਾ ਦਾ*
*ਸਹਾਰਾ ਨਹੀਂ ਲਿਆ ।*
*ਤੂੰ ਤਾਂ ਉਹੋ ਜਿਹੀ ਸੀ*
*ਜੋ ਤੈਨੂੰ ਕਾਦਰ ਨੇ ਬਣਾਇਆ ਸੀ*
*ਸਧਾਰਨ ਪਾਕ ਪ੍ਰਕਿਰਤੀ ਦੀ ਤਰ੍ਹਾਂ ।*
*ਤੇਰੇ ਬੋਲਾਂ ਵਿੱਚ*
*ਕੋਇਲ ਦੀ ਕੂਹ-ਕੂ*
*ਤੇਰਾ ਮੁੱਖੜਾ*
*ਤਰੇਲ ਭਿਜੇ ਫੁੱਲਾਂ ਜਿਹਾ*
*ਤਾਜ਼ਾ ਚਮਕੀਲਾ*
*ਤੇਰੇ ਚਿਹਰੇ ਉੱਤੇ*
*ਰੂਹਾਨੀ ਨੂਰ ਦੀ ਕਿਰਨ*
*ਖੇਲ ਰਹੀ ਸੀ*
*ਤੇਰੀ ਤੋਰ ਸਧਾਰਨ*
*ਹਾਂ ਸਧਾਰਨ*
*ਕੋਈ ਮਟਕ ਨਹੀਂ*
*ਕੋਈ ਦਿਖਾਵਾ ਨਹੀਂ*
*ਕੋਈ ਬਨਾਵਟ ਨਹੀਂ ।*
*ਹਾਂ, ਯਾਦ ਹੈ ਮੈਨੂੰ*
*ਤੇਰੇ ਨਿੱਕੇ ਨਿੱਕੇ*
*ਕੰਵਲ ਜਿਹੇ*
*ਕੋਮਲ ਗੁਲਾਬੀ ਹੱਥਾਂ ਨੇ*
*ਪਹਿਲੀ ਵਾਰੀ ਜਦੋਂ*
*ਮੇਰੇ ਜਿਸਮ ਨੂੰ ਸਪਰਸ਼ ਕੀਤਾ।*

*ਤੇਰੇ ਦਿਲ ਵਿੱਚ ਵੀ*
*ਕੋਈ ਲੋਭ ਨਹੀਂ*
*ਮਨ ਤੇਰਾ ਪਾਕ ਸੀ*
*ਮੇਰੇ ਲਈ*
*ਸਿਰਫ਼ ਮੇਰੇ ਲਈ ।*
*ਮੈਨੂੰ ਲੁਭਾਵਨ ਲਈ*
*ਤੂੰ ਆਪਣੇ ਮੁੱਖ ਨੂੰ ਸ਼ਿਗਾਰਿਆ ਨਹੀਂ*
*ਤੂੰ ਮੇਰੇ 'ਤੇ ਰੋਹਬ ਪਾਉਂਣ ਲਈ*
*ਕਿਸੇ ਮਤਰੇਈ ਭਾਸ਼ਾ ਦਾ*
*ਸਹਾਰਾ ਨਹੀਂ ਲਿਆ ।*
*ਤੂੰ ਤਾਂ ਉਹੋ ਜਿਹੀ ਸੀ*
*ਜੋ ਤੈਨੂੰ ਕਾਦਰ ਨੇ ਬਣਾਇਆ ਸੀ*
*ਸਧਾਰਨ ਪਾਕ ਪ੍ਰਕਿਰਤੀ ਦੀ ਤਰ੍ਹਾਂ ।*
*ਤੇਰੇ ਬੋਲਾਂ ਵਿੱਚ*
*ਕੋਇਲ ਦੀ ਕੂਹ-ਕੂ*
*ਤੇਰਾ ਮੁੱਖੜਾ*
*ਤਰੇਲ ਭਿਜੇ ਫੁੱਲਾਂ ਜਿਹਾ*
*ਤਾਜ਼ਾ ਚਮਕੀਲਾ*
*ਤੇਰੇ ਚਿਹਰੇ ਉੱਤੇ*
*ਰੂਹਾਨੀ ਨੂਰ ਦੀ ਕਿਰਨ*
*ਖੇਲ ਰਹੀ ਸੀ*
*ਤੇਰੀ ਤੋਰ ਸਧਾਰਨ*
*ਹਾਂ ਸਧਾਰਨ*
*ਕੋਈ ਮਟਕ ਨਹੀਂ*
*ਕੋਈ ਦਿਖਾਵਾ ਨਹੀਂ*
*ਕੋਈ ਬਨਾਵਟ ਨਹੀਂ ।*
*ਹਾਂ, ਯਾਦ ਹੈ ਮੈਨੂੰ*
*ਤੇਰੇ ਨਿੱਕੇ ਨਿੱਕੇ*
*ਕੰਵਲ ਜਿਹੇ*
*ਕੋਮਲ ਗੁਲਾਬੀ ਹੱਥਾਂ ਨੇ*
*ਪਹਿਲੀ ਵਾਰੀ ਜਦੋਂ*
*ਮੇਰੇ ਜਿਸਮ ਨੂੰ ਸਪਰਸ਼ ਕੀਤਾ।*

*ਸਭ ਕੁਝ ਸ਼ਾਂਤ।*
*ਸ਼ਾਂਤ*
*ਰੁੱਖ ਦੀ ਤਰ੍ਹਾਂ।*
*ਸਭ ਕੁਝ ਸ਼ਾਤ*
*ਇਕ ਝੀਲ ਦੀ ਤਰ੍ਹਾਂ।*
*ਸ਼ਾਂਤੀ*
*ਹਾਂ ਸ਼ਾਂਤੀ*
*ਕਿਸੇ ਪੀਰ*
*ਕਿਸੇ ਰਿਸ਼ੀ*
*ਕਿਸੇ ਦਰਵੇਸ਼ ਜਿਹੀ।*
*ਸਭ ਕੁਝ ਸ਼ਾਂਤ*
*ਮੇਰੀ ਦੁਨੀਆਂ ਸ਼ਾਤ*
*'ਤੇ ਤੂੰ ਖੜੀ ਸੀ*
*ਮੇਰੀ ਜ਼ਿੰਦਗੀ ਦੀ ਸ਼ਾਂਤ ਝੀਲ ਵਿੱਚ*
*ਕੰਵਲ ਵਾਂਗੂੰ*
*ਹਾਂ ਤੂੰ ਹੀ ਸੀ ।*
*ਹੁਣ ਸਭ ਕੁਝ ਸ਼ਾਤ ਸੀ*
*ਅਜ਼ਲ ਤੋਂ ਸੀ ਜੋ*
*ਮੇਰੇ ਸੀਨੇ 'ਚ ਭਟਕਣ*
*ਸਭ ਕੁਝ ਖ਼ਤਮ*
*ਹਰ ਇਕ ਜਗਿਆਸਾ ਖ਼ਤਮ*
*ਸਭ ਕੁਝ ਪ੍ਰਾਪਤ*
*ਹਾਂ ਸਭ ਕੁਝ ਪ੍ਰਾਪਤ*
*ਪੂਰਨ ਪ੍ਰਾਪਤੀ ।*
*ਜਿਸ ਦੀ ਤਲਾਸ਼ ਵਿੱਚ*
*ਭਟਕ ਰਹੀ ਸੀ ਰੂਹ ਮੇਰੀ*
*ਉਹ ਸਭ ਕੁਝ ਪ੍ਰਾਪਤ*
*ਹੁਣ ਕੋਈ ਇੱਛਾ ਨਹੀਂ*
*ਇਕ ਤੇਰੇ ਸਿਵਾ ।*
*ਜਿਸ ਸਵੇਰ ਦੀ ਭਾਲ ਸੀ ਮੈਨੂੰ*
*ਮਿਲ ਗਈ ਉਹ*
*ਹਾਂ ਮਿਲ ਗਈ ਉਹ ਸਵੇਰ*
*'ਤੇ ਉਹ ਸਵੇਰ ਤੂੰ ਸੀ*

*ਸਭ ਕੁਝ ਸ਼ਾਂਤ।*
*ਸ਼ਾਂਤ*
*ਰੁੱਖ ਦੀ ਤਰ੍ਹਾਂ।*
*ਸਭ ਕੁਝ ਸ਼ਾਤ*
*ਇਕ ਝੀਲ ਦੀ ਤਰ੍ਹਾਂ।*
*ਸ਼ਾਂਤੀ*
*ਹਾਂ ਸ਼ਾਂਤੀ*
*ਕਿਸੇ ਪੀਰ*
*ਕਿਸੇ ਰਿਸ਼ੀ*
*ਕਿਸੇ ਦਰਵੇਸ਼ ਜਿਹੀ।*
*ਸਭ ਕੁਝ ਸ਼ਾਂਤ*
*ਮੇਰੀ ਦੁਨੀਆਂ ਸ਼ਾਤ*
*'ਤੇ ਤੂੰ ਖੜੀ ਸੀ*
*ਮੇਰੀ ਜ਼ਿੰਦਗੀ ਦੀ ਸ਼ਾਂਤ ਝੀਲ ਵਿੱਚ*
*ਕੰਵਲ ਵਾਂਗੂੰ*
*ਹਾਂ ਤੂੰ ਹੀ ਸੀ ।*
*ਹੁਣ ਸਭ ਕੁਝ ਸ਼ਾਤ ਸੀ*
*ਅਜ਼ਲ ਤੋਂ ਸੀ ਜੋ*
*ਮੇਰੇ ਸੀਨੇ 'ਚ ਭਟਕਣ*
*ਸਭ ਕੁਝ ਖ਼ਤਮ*
*ਹਰ ਇਕ ਜਗਿਆਸਾ ਖ਼ਤਮ*
*ਸਭ ਕੁਝ ਪ੍ਰਾਪਤ*
*ਹਾਂ ਸਭ ਕੁਝ ਪ੍ਰਾਪਤ*
*ਪੂਰਨ ਪ੍ਰਾਪਤੀ ।*
*ਜਿਸ ਦੀ ਤਲਾਸ਼ ਵਿੱਚ*
*ਭਟਕ ਰਹੀ ਸੀ ਰੂਹ ਮੇਰੀ*
*ਉਹ ਸਭ ਕੁਝ ਪ੍ਰਾਪਤ*
*ਹੁਣ ਕੋਈ ਇੱਛਾ ਨਹੀਂ*
*ਇਕ ਤੇਰੇ ਸਿਵਾ ।*
*ਜਿਸ ਸਵੇਰ ਦੀ ਭਾਲ ਸੀ ਮੈਨੂੰ*
*ਮਿਲ ਗਈ ਉਹ*
*ਹਾਂ ਮਿਲ ਗਈ ਉਹ ਸਵੇਰ*
*'ਤੇ ਉਹ ਸਵੇਰ ਤੂੰ ਸੀ*

*ਸਦਾ ਹੀ ਰਹਿੰਦਾ ਹੈ*
*ਆਦਿ ਤੋਂ ਅੰਤ ਤੀਕ ਰਹਿੰਦਾ ਹੈ*
*'ਤੇ ਆਪਣਾ ਪਿਆਰ ਵੀ*
*ਰਹਿੰਦੀ ਦੁਨੀਆਂ ਤੀਕ ਰਹੇਗਾ ।"*
*ਹਾਂ ਰਹੇਗਾ*
*ਮੈਂ ਜਦ ਤੱਕ ਜੀਵਾਂਗਾ*
*ਤੇਰੇ ਲਈ ਜੀਵਾਂਗਾ*
*ਮੇਰੀ ਜ਼ਿੰਦਗੀ ਦਾ ਹਰ ਪਲ*
*ਤੇਰੇ ਲਈ ਹੋਵੇਗਾ*
*ਤੇਰੇ ਪਿਆਰ ਦੀ ਖ਼ੁਸ਼ਬੂ*
*ਮੇਰੇ ਸਾਹਾਂ ਵਿੱਚ ਸਦਾ ਹੀ ਰਹੇਗੀ ।*
*ਮੇਰੇ ਤੋਂ ਬਾਅਦ*
*ਤੇਰੇ ਪਿਆਰ ਦੀ ਖ਼ੁਸ਼ਬੋ*
*ਮੇਰੇ ਗੀਤਾਂ ਵਿੱਚ ਰਹੇਗੀ ।*
*ਇਸ ਜਨਮ 'ਚ ਤਾਂ ਨਹੀਂ*
*ਅਗਲੇ ਜਨਮ 'ਚ ਤੈਨੂੰ ਪਾਵਾਂਗਾ*
*ਤੈਨੂੰ ਪੂਰਨ ਪਾਉਂਣ ਲਈ*
*ਮੈਂ ਇਕ ਜਨਮ ਤੋਂ ਬਾਦ*
*ਦੂਜੇ ਜਨਮ 'ਚ ਆਵਾਂਗਾ*
*'ਤੇ ਆਉਂਦਾ ਰਹਾਂਗਾ ।*
*ਤੇਰੇ ਲਈ*
*ਹਾਂ ਤੇਰੇ ਲਈ*
*ਮੇਰੀ ਹੋਂਦ ਤੇਰੇ ਲਈ ਸੀ*
*ਤੇਰੇ ਲਈ ਹੈ*
*'ਤੇ ਤੇਰੇ ਲਈ ਹੋਵੇਗੀ*
*ਤੇਰੇ ਲਈ*
*ਸਿਰਫ਼ ਤੇਰੇ ਲਈ*
*ਮੈਂ ਇਸ ਦੁਨੀਆਂ 'ਤੇ ਆਵਾਂਗਾ*
*ਤੇਰੇ ਲਈ............।*

# ਗੀਤ

*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ ।*
*ਕੋਲ ਬਹਾਕੇ ਉਹਨੂੰ ਆਪਣੇ*
*ਮੈਂ ਤੱਤੀ ਦਾ ਹਾਲ ਸੁਣਾਨਾ।*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ ।*

*ਕਹਿਣਾ ਉਸ ਨੂੰ ਬਿਨ ਤੇਰੇ*
*ਸਾਹ ਹੋਂਠਾ ਉੱਤੇ ਅੱਟਕੇ*
*ਬਿਨ ਤੇਰੇ ਮੇਰੇ ਸੁਫ਼ਨੇ*
*ਫਿਰਨ ਸੋਚਾਂ ਵਿੱਚ ਭਟਕੇ*
*ਤੇਰੇ ਪਿੱਛੋਂ ਰੂਹ ਮੇਰੀ ਨੇ*
*ਲਾਹ ਸੁੱਟਿਆ ਚਾਵਾਂ ਦਾ ਬਾਣਾ*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ ।*

*ਕਹਿਣਾ ਉਸਨੂੰ ਤੇਰੇ ਬਿਨ*
*ਲੱਗਦਾ ਚੇਤਰ ਹਾੜ ਜਿਹਾ*
*ਦੀਦ ਤੇਰੇ ਨੂੰ ਤਰਸਣ ਅੱਖੀਆਂ*
*ਜੀਵਨ ਮੈਨੂੰ ਜਾਪੇ ਹੁਣ ਪਹਾੜ ਜਿਹਾ*
*ਏਸ ਨਿਮਾਣੀ ਜ਼ਿੰਦੜੀ ਦਾ*
*ਬਿਨ ਤੇਰੇ ਉਲਝ ਗਿਆ ਤਾਣਾ*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ ।*

*ਦੀਵਾਲੀ ਆਈ ਦੀਪ ਨਾ ਬਾਲੇ*
*ਰਹੇ ਖ਼ਾਲੀ ਘਰ ਦੇ ਬਨੇਰੇ*
*ਈਦ ਲੰਘੀ ਦੀਦ ਬਿਨਾਂ ਹੀ*
*ਗਈ ਹੋਲੀ ਬਿਨ ਰੰਗ ਲਾਏ ਮੇਰੇ*
*ਬਿਨ ਸੱਜਣਾ ਕਾਹਦੇ ਮੇਲੇ*
*ਉਸਨੂੰ ਚੰਗੀ ਤਰ੍ਹਾਂ ਤੂੰ ਸਮਝਾਣਾ*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ ।*

*ਬਿਨ ਤੇਰੇ ਸੇਜ ਫੁੱਲਾਂ ਦੀ*
*ਮੇਰੇ ਲਈ ਹੈ ਕੰਡਿਆਂ ਬਰਾਬਰ*
*ਬਿਨ ਤੇਰੇ ਜੀਅ ਨੀ ਲੱਗਦਾ*
*ਮੈਨੂੰ ਖਾਣ ਨੂੰ ਆਉਂਦਾ ਘਰ*
*ਕਹਿਣਾ ਉਸਨੂੰ ਬਿਨ ਤੇਰੇ ਵੇ*
*ਨਈ ਗਾਉਂਣਾ ਕੋਈ ਵਸਲ ਦਾ ਗਾਣਾ*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ।*

*ਅੰਬਰ ਥੱਕੇ ਵਰਸਾ ਕੇ ਪਾਣੀ*
*ਪਰ ਨਾ ਅੱਖੀਓਂ ਨੀਰ ਮੁੱਕਿਆ*
*ਔਂਸੀਆਂ ਪਾ ਪਾ ਘੱਸ ਗਏ ਪੋਟੇ*
*ਪਰ ਤੂੰ ਘਰ ਵਾਪਸ ਨਾ ਢੁੱਕਿਆ*
*ਤੰਦ ਸਾਹਾਂ ਦੀ ਟੁੱਟਣੋਂ ਪਹਿਲਾਂ ਆਵੇ*
*ਮੇਰੇ ਵੱਲੋਂ ਉਸ ਨੂੰ ਵਾਸਤਾ ਪਾਣਾ*
*ਇਕ ਸੁਨੇਹਾ ਨੀ ਹਵਾਏ*
*ਸੱਜਣ ਮੇਰੇ ਲਈ ਲੈ ਜਾਣਾ।*

# ਗੀਤ

ਤੋਰ ਅੰਬੜੀਏ ਤੋਰ
ਮੈਨੂੰ ਛੇਤੀ ਛੇਤੀ ਤੋਰ
ਅਸਲੀ ਮਾਲਕ ਲੈਣ ਨੂੰ ਆਏ
ਤੂੰ ਦੇਰ ਨਾ ਕਰ ਹੁਣ ਹੋਰ
ਤੋਰ ਅੰਬੜੀਏ ਤੋਰ
ਮੈਨੂੰ ਛੇਤੀ ਛੇਤੀ ਤੋਰ.........।

ਗ਼ਮਾਂ ਦਾ ਪਾ ਰੰਗਲਾ ਚੂੜਾ
ਮੈਨੂੰ ਬਠਾਕੇ ਆਪਣੇ ਕੋਲ
ਹੰਝੂਆਂ ਦੀ ਲਾ ਮਹਿੰਦੀ ਮੇਰੇ
ਤਲੀਆਂ ਉੱਤੇ ਘੋਲ
ਛੇਤੀ ਕਰ ਨੀ ਸੁੰਗਦੀਏ
ਹੁਣ ਨਾ ਇੱਧਰ-ਉੱਧਰ ਦੀਆਂ ਫੋਰ
ਤੋਰ ਅੰਬੜੀਏ ਤੋਰ
ਮੈਨੂੰ ਛੇਤੀ ਛੇਤੀ ਤੋਰ..........।

ਛੱਡੋ ਜੀ ਸਭ ਨਿਕੜ-ਸੁਕੜ
ਬੰਨੋ ਹੌਂਕੇ ਮੇਰੇ ਪੱਲੇ
ਰਹਿਣ ਦਿਓ ਸਭੇ ਸੇਈਆਂ ਰੁੱਸੀਆਂ
ਸਾਨੂੰ ਟੋਰੋ ਕੱਲਮ-'ਕੱਲੇ
ਜਾਣਾ ਜਿਸ ਘਰ ਅਸਾਂ ਨੇ
ਉੱਥੇ ਪੈਂਦੀ ਨਾ ਸਈਆਂ ਦੀ ਲੋੜ
ਤੋਰ ਅੰਬੜੀਏ ਤੋਰ
ਮੈਨੂੰ ਛੇਤੀ ਛੇਤੀ ਤੋਰ.........।

*ਦੇਖ ਨੀ ਮੇਰੇ ਵੱਲ ਅੰਮੀਏ*
*ਨੈਣਾਂ 'ਚੋਂ ਸਾਰੇ ਹੰਝ ਸੁਕੇ*
*ਹਿਜ਼ਰ ਦੇ ਹੁਣ ਤਾਂ ਸਾਰੇ ਸਾਹ*
*ਕਿਸਮਤ ਦੇ ਨਾਲ ਹੀ ਮੁੱਕੇ*
*ਤੂੰ ਵੀ ਦੇ ਕੇ ਸਿਰ 'ਤੇ ਫੁਲਕਾਰੀ*
*ਮੇਰਾ ਨਾਤਾ 'ਹੋਣੀ' ਨਾਲ ਜੋੜ*
*ਤੋਰ ਅੰਬੜੀਏ ਤੋਰ*
*ਮੈਨੂੰ ਛੇਤੀ ਛੇਤੀ ਤੋਰ..........।*

# ਜ਼ਖ਼ਮ

*ਪੰਛੀਆਂ ਦੀ ਚਹਿਕ ਸੀ*
*ਹਵਾ 'ਚ ਕਣਕਾਂ ਦੀ ਮਹਿਕ ਸੀ*
*ਕਦਮਾਂ 'ਚ ਮੇਰੇ ਕਾਹਲ ਸੀ*
*ਵਕਤ ਨਾਲੋਂ ਤੇਜ਼ ਮੇਰੀ ਚਾਲ ਸੀ*
*ਮੰਜ਼ਿਲ ਹੁਣ ਦਿਸਦੀ ਸੀ ।*
*ਮੈਂ ਟੁਰਿਆ ਜਾਅ ਰਿਹਾਂ ਸੀ*
*ਆਪਣੀ ਹੀ ਸੁਰ 'ਚ ਗੁਣ-ਗੁਣਾ ਰਿਹਾਂ ਸੀ*
*ਕਿ ਅਚਾਨਕ !*
*ਕਿਸੇ ਨੇ ਮੈਨੂੰ ਪੁਕਾਰਿਆ*
*'ਇੱਧਰ ਆਈਂ ਜਰਾ ਪਿਆਰਿਆ'*
*ਮੈਂ ਦੇਖਿਆ ਉਹ ਇਕ 'ਪਰੀ' ਸੀ*
*ਸਿਰ ਉਹਦੇ ਸੂਹੀ ਫੁਲਕਾਰੀ ਸੀ*
*ਉਹ ਜੋਬਨ ਮੱਤੀ ਬਹੁਤ ਪਿਆਰੀ ਸੀ*
*ਉਸਨੇ ਮੈਨੂੰ ਆਪਣੇ ਕੋਲ ਬੁਲਾਇਆ*
*ਆਪਣੀ ਆਵਾਜ਼ ਵਿੱਚ ਇਕ ਗੀਤ ਸੁਣਾਇਆ*
*ਉਸ ਨੇ ਮੈਨੂੰ ਆਪਣੀ ਗੋਦ ਵਿੱਚ ਪਾਇਆ*
*ਉਸ ਦੇ ਮਿੱਠੇ ਬੋਲਾਂ ਮੈਨੂੰ ਸੁਆਇਆ*
*ਸੁੱਤਿਆ ਮੈਨੂੰ ਇਕ ਸੁਪਨਾ ਆਇਆ*
*ਸੁਪਨੇ 'ਚ ਦੇਖਿਆ ਮੈਂ*
*'ਨਾਰੀ' ਇਕ ਗਾ ਰਹੀ ਸੀ*
*ਮੈਨੂੰ ਆਪਣੇ ਵੱਲ ਬੁਲਾ ਰਹੀ ਸੀ*
*ਉਸ ਨਾਰ ਦਾ ਮੁੱਖੜਾ*
*'ਉਸ' ਪਰੀ ਨਾਲ ਮਿਲਦਾ ਸੀ*
*ਮੈਨੂੰ ਦੇਖ ਉਸਦਾ*
*ਉਦਾਸ ਚਿਹਰਾ ਖਿਲਦਾ ਸੀ*
*ਮੈਂ ਖ਼ਾਬ ਉਸਦੇ ਦਿਲਦਾ ਸੀ*
*ਉਹ ਨਾਰੀ ਵੀ ਆਮ ਨਾਰੀ ਨਹੀਂ ਸੀ*
*ਉਹ ਕਿਸੇ ਦੇਸ਼ ਦੀ ਸ਼ਹਿਜ਼ਾਦੀ ਸੀ*

*ਉਹ ਮਹਿਲਾਂ ਦੇ ਸੁੱਖ ਦੀ ਆਦੀ ਸੀ*
*ਉਸਨੇ ਮੈਨੂੰ ਖ਼ਾਬਾਂ ਦਾ ਮਹਿਲ ਦਿਖਾਇਆ*
*ਮੈਂ ਉਸਨੂੰ ਸਮਝ ਨਾ ਪਾਇਆ*
*ਉਸ ਨੇ ਮੇਰੇ ਨਾਲ ਪਿਆਰ ਜਤਾਇਆ*
*ਉਸਨੇ ਮੈਨੂੰ ਆਪਣਾ ਬਣਾਇਆ*
*'ਤੇ ਮੇਰੇ ਨਾਲ 'ਰਾਸ' ਰਚਾਇਆ ।*
*ਫਿਰ ਇਕ ਦਿਨ ਉਸਦੀ*
*ਅਸਲੀਅਤ ਸਾਹਮਣੇ ਆਈ*
*ਉਸਨੇ ਮੈਨੂੰ ਮਹਿਲਾਂ ਦੀ ਸ਼ਾਨ ਦਿਖਾਈ*
*ਜੋ ਮੈਨੂੰ ਰਾਸ ਨਾ ਆਈ*
*ਖਾਣ ਲੱਗੀ ਮੈਨੂੰ ਤਨਹਾਈ।*
*ਹੁਣ ਮੈਨੂੰ ਉਸਤੋਂ ਲੱਗਣ ਲੱਗਾ ਡਰ*
*ਮੇਰੇ ਲਈ ਬੰਦ ਸਨ ਉਸਦੇ ਮਹਿਲਾਂ ਦੇ ਦਰ*
*ਉਸਦਾ ਇਸ਼ਕ ਬਣਿਆ ਮੇਰੇ ਦੁੱਖਾਂ ਦੀ ਜੜ੍ਹ ।*
*ਮੇਰਾ ਸੁਪਨਾ ਟੁਟ ਗਿਆ*
*ਮੈਂ ਹੁਣ ਸੀ ਪੱਥਰਾਂ 'ਚ ਪਿਆ*
*ਉਹ ਹੁਣ ਮੇਰੇ ਕੋਲ ਨਹੀਂ ਸੀ*
*ਜਿਸ ਨੇ ਸੀ ਮੈਨੂੰ ਆਪਣਾ ਕਿਹਾ*
*ਮੈਂ ਉਠਕੇ ਦੇਖਿਆ*
*ਮੈਂ ਹੁਣ 'ਕੱਲਾ ਸੀ*
*ਮੇਰੇ ਦਿਲ ਦਾ 'ਜ਼ਖ਼ਮ' ਅੱਲਾ ਸੀ*
*ਅੱਖਾਂ 'ਚ ਪਾਣੀ ਦੀਆਂ ਛੱਲਾਂ ਸੀ ।*
*ਅੰਬਾਂ 'ਤੇ ਅੱਜ ਵੀ ਬੂਰ ਸੀ*
*ਹਵਾ 'ਚ ਮਹਿਕ ਵੀ ਜ਼ਰੂਰ ਸੀ*
*ਫ਼ਿਜ਼ਾ 'ਚ ਵੀ ਸਰੂਰ ਸੀ*
*ਪਰ ! ਮੰਜ਼ਿਲ ਮੇਰੀ ਹੁਣ ਦੂਰ ਸੀ*
*ਮੈਂ ਦੇਖਿਆ ਆਪਣੇ ਆਲੇ ਦੁਆਲੇ*
*ਧੱਬੇ ਮੈਨੂੰ ਨਜ਼ਰ ਆਏ ਕਾਲੇ ਕਾਲੇ*
*ਮੈਂ ਕਿੱਥੇ ਹਾਂ ਸੋਚ ਰਿਹਾਂ ।*
*ਫਿਰ ਅਚਾਨਕ ਮੈਨੂੰ ਕਿਸੇ ਨੇ ਕਿਹਾ*
*'ਤੂੰ ਉੱਥੇ ਹੀ ਏ ਜਿੱਥੋਂ ਸੀ ਤੁਰਿਆ'*
*ਹਾਂ, ਮੈਂ ਉੱਥੇ ਸਾਂ ਜਿਥੋਂ ਸੀ ਤੁਰਿਆ*

*ਹਾਂ ਮੈਂ......... ਹਾਂ ਮੈਂ......ਉੱਥੇ ਸਾਂ*
*ਉੱਥੇ ਸਾਂ..... ਉੱਥੇ ਸਾਂ...... ਉੱਥੇ ਹੀ ਸਾਂ।*
*ਹੁਣ ਟੁਰਨਾ ਮੇਰਾ ਮੁਹਾਲ ਸੀ*
*ਥੱਕੀ ਹੋਈ ਮੇਰੀ ਚਾਲ ਸੀ*
*ਹੁਣ ਜਿਸਮ ਮੇਰਾ ਥੱਕ ਗਿਆ*
*ਜੀਵਨ 'ਤੋਂ ਮਨ ਵੀ ਅੱਕ ਗਿਆ*
*ਹੁਣ ਉਹੀ ਵਰ੍ਹਿਆਂ ਪੁਰਾਣੇ ਲੋਕ ਸਨ*
*ਉਹੀ ਵਰ੍ਹਿਆਂ ਪੁਰਾਣੀਆਂ ਰਾਹਵਾਂ ਸਨ*
*ਸਹਾਰੇ ਲਈ ਮੇਰੇ ਕਈ ਬਾਹਵਾਂ ਸਨ*
*ਪਰ ਫਿਰ ਵੀ ਮੈਂ 'ਕੱਲਾ ਸਾਂ।*
*ਹੁਣ ਲੋਕ ਮੈਨੂੰ ਆਖਦੇ ਆਕੇ*
*ਫੁੱਲ ਪਾ ਆ ਬੇ-ਵਫ਼ਾਈ ਦੇ ਜਾਕੇ*
*ਨਹੀਂ ਤਾਂ !*
*ਮਰ ਜਾਵੇਂਗਾ ਮੌਤ ਬੇਗਾਨੀ*
*ਕਿਉਂ ਨਰਕ ਬਣਾਈ ਬੈਠਾ ਜ਼ਿੰਦਗਾਨੀ*
*ਜ਼ਿੰਦਗੀ ਨੂੰ ਗਲ਼ ਲਾਕੇ*
*ਕਮਲ਼ਿਆ ਹੱਸ ਖੇਡ ਕੇ ਦਿਨ ਬਿਤਾ ਦੇ।*
*ਪਰ ਹੱਸਣਾ ਮੇਰੇ ਮੁਕੱਦਰ 'ਚ ਕਿੱਥੇ*
*ਮੁੜਨਾ ਉੱਥੋਂ ਬਾਹਲਾ ਮੁਸ਼ਕਿਲ*
*ਪਹੁੰਚ ਗਿਆ ਸੀ ਮੈਂ ਜਿੱਥੇ।*
*ਹੁਣ ਸੋਗ ਹੀ ਸੀ ਮੇਰੇ ਲਈ*
*ਜਿਸ ਨੂੰ ਮਨਾਉਂਦੇ ਮਨਾਉਂਦੇ*
*ਬੀਤ ਗਏ ਰੋਜ਼ ਕਈ ।*
*ਫਿਰ ਅਚਾਨਕ ਇਕ ਦਿਨ*
*ਉਹ ਪਰੀ ਮੈਨੂੰ*
*ਮਿਲੀ ਇਕ ਮੋੜ 'ਤੇ*
*ਪਰ ਹੁਣ ਸੀ ਉਸਦੀ ਨਜ਼ਰ*
*ਮੇਰੇ ਜਿਹੇ ਕਿਸੇ ਹੋਰ 'ਤੇ*
*ਉਹ ਵਪਾਰਨ ਪਿਆਰ ਦੀ*
*ਜਿਸ ਨਾਲ ਮੇਰੀ ਯਾਰੀ ਸੀ*

*ਹੁਣ ਉਹ ਸੁਣਿਆ*
*ਇਕ ਨਗਰ ਦੇ ਸ਼ਹਿਜ਼ਾਦੇ ਦੀ ਲਾੜੀ ਸੀ।*
*ਦੇਖਦੇ ਉਸਨੂੰ ਮੇਰੇ-*
*ਪੱਥਰਾਏ ਹੋਂਠ ਥਰ ਥਰਾਏ*
*ਇਕ ਅਜੀਬ ਤਰ੍ਹਾਂ ਦੀ*
*ਮੁਸਕਣੀ ਮੁਸਕਾਏ*
*ਮੈਂ ਜਿਸ ਲਈ ਸੀ*
*ਅੱਜ ਤੀਕਰ ਜੀ ਰਿਹਾਂ*
*ਮੇਰੇ ਪੱਥਰਾਏ ਹੋਂਠਾ ਨੇ*
*ਉਸਨੂੰ ਕੁਝ ਵੀ ਨਾ ਕਿਹਾ*
*ਪਰ ਨੀਰਸ ਮਨ ਮੇਰਾ*
*ਮਾਰਕੇ ਧਾਹ ਰੋ ਪਿਆ*
*ਜਦ ਉਸਨੇ ਨਾਂ ਮੇਰਾ*
*ਆਪਣੇ ਗੁਲਾਬੀ ਹੋਂਠਾਂ 'ਤੋਂ ਲਿਆ ।*
*ਹੁਣ ਸਭ ਭਰਮ ਮੇਰੇ ਟੁੱਟ ਗਏ*
*ਸਭ ਰਿਸ਼ਤੇ ਨਾਤੇ ਛੁੱਟ ਗਏ*
*ਜਿਸ ਸਵੇਰ ਲਈ ਉਮਰ ਗੁਜ਼ਾਰੀ*
*ਮਿਲੀ ਨਾ ਮੈਨੂੰ ਉਹ ਸਵੇਰ*
*ਮੁੱਖ ਪੀਲਾ ਪੈ ਗਿਆ ਮੇਰਾ*
*ਗੁਵਾਚੀ ਮਹਿਕ ਮਿਲੀ ਨਾ ਫੇਰ ।*
*ਹੁਣ ਹੋ ਗਈਆਂ ਸਾਹਾਂ ਖੁਸ਼ਕ*
*ਰਗ਼ਾਂ 'ਚ ਰੱਤ ਵੀ ਜੰਮ ਗਈ*
*ਫਿਰ ਵੀ ਅੱਖ ਮੇਰੀ*
*ਉਸ ਲਈ ਹੀ ਵਹਿੰਦੀ ਰਹੀ ।*
*ਅੱਜ ਸਮਝ ਆਉਂਦੀ ਹੈ*
*ਉਹ ਪੁਰਾਣੀ ਬਾਤ ਸਿਆਣੀ*
*ਜੋ ਛੂਹੇਗਾ ਇਸ਼ਕ ਕਹਾਣੀ*
*ਮਰ ਜਾਵੇਗਾ ਮੌਤ ਬਿਗਾਨੀ।*
*ਸੁਣ ਜੇ ਸੁਣ ਸਕਦੀ ਏ ਤੂੰ*
*ਦਗ਼ਾਬਾਜ਼ੇ ਨੀ ਮੂਰਤੇ*
*ਮੈਂ ਹੀ ਬੇ-ਸਮਝ ਸੀ*

*ਜੋ ਮਰ ਮਿਟਿਆ ਬੇ-ਵਫ਼ਾ ਹੂਰ 'ਤੇ*
*ਤੇਰੇ ਤੋਂ ਬਿਨਾਂ ਵੀ ਜੀਅ ਰਿਹਾ ਹਾਂ*
*ਜ਼ਹਿਰ ਹੀ ਸਹੀ ਜ਼ਿੰਦੜੀ ਮੇਰੀ*
*ਫਿਰ ਵੀ ਮੁਸਕਰਾਕੇ ਪੀ ਰਿਹਾਂ ਹਾਂ ।*
*ਕਬੂਲ ਨਹੀਂ ਤੇਰੇ ਹਿਜ਼ਰ ਦੀ ਮੌਤ ਮੈਨੂੰ*
*ਮੈਂ ਆਪਣੀ ਮੌਤੇ ਮਰਨਾ ਚਾਹੁੰਦਾ ਹਾਂ*
*ਮੈਂ ਪਲ ਦੋ ਪਲ ਹੀ ਸਹੀ*
*ਪਰ ਜ਼ਰੂਰ ਮੁਸਕਰਾਕੇ ਜੀਣਾ ਚਾਹੁੰਦਾ ਹਾਂ*
*ਸੁਣ ! ਜਿਗਰ ਦਾ ਰੱਤ ਪੀਣੀਏ ਜੋਕੇ*
*ਹੁਣ ਤੈਨੂੰ ਭੁੱਲਣਾ ਚਾਹੁੰਦਾਂ ਹਾਂ*
*ਹਾਂ, ਮੈਂ ਹੁਣ ਤੈਨੂੰ ਭੁੱਲਣਾ ਚਾਹੁੰਦਾਂ ਹਾਂ*
*ਹੁਣ ਤੈਨੂੰ ਮੈਂ ਭੁਲਣਾ ਚਾਹੁੰਦਾਂ ਹਾਂ*
*ਭੁੱਲਣਾ ਚਾਹੁੰਦਾਂ ਹਾਂ ! ਭੁੱਲਣਾ ਚਾਹੁੰਦਾਂ ਹਾਂ ॥*

# ਤਮੰਨਾ

ਸਮਝ ਹੀ ਨਾ ਆਈ
ਗੱਲ ਛੋਟੀ ਜਿਹੀ
ਸੁਪਨੇ ਤਾਂ ਦੇਖੇ
ਕੁਝ ਹੋਰ ਹੀ
ਸਾਹਮਣੇ ਜਦ ਆਈ
ਉਹ ਸਚਾਈ ਹੋਰ ਸੀ
ਸਮਝ ਹੀ ਨਾ ਆਈ
ਗੱਲ ਛੋਟੀ ਜਿਹੀ ।

ਹਾਏ ਇਕਲਾਪਾ
ਹਾਏ ਵਿਰਾਨੀ
ਕਿੱਥੇ ਲੈ ਕੇ ਆਈ
ਅੱਜ ਮੈਨੂੰ ਜ਼ਿੰਦਗਾਨੀ
ਰਹਿ ਗਈ ਅਧੂਰੀ
ਸੱਧਰ ਹਰਿੱਕ ਦਿਲ ਦੀ
ਸਮਝ ਹੀ ਨਾ ਆਈ
ਗੱਲ ਛੋਟੀ ਜਿਹੀ ।

ਕੀ ਹੁਣ ਵੰਡਾਂ
ਕੀ ਹੁਣ ਮੈਂ ਹੰਡਾਵਾਂ
ਮੇਰੀ ਝੋਲੀ 'ਚ
ਹੌਂਕੇ 'ਤੇ ਹਾਵਾਂ
ਹੋਰ ਕੋਲ ਰਹਿ ਗਈ
ਹੈ ਸਿਰਫ਼ ਬੇ-ਵਸੀ
ਸਮਝ ਹੀ ਨਾ ਆਈ
ਗੱਲ ਛੋਟੀ ਜਿਹੀ ।

*ਸੀ ਤਮੰਨਾ ਜਿਸ ਦਿਨ ਦੀ*
*ਉਹ ਵੀ ਆਇਆ*
*ਐਪਰ ਆਪਣੇ ਨਾਲ ਹੀ*
*ਲਿਆਇਆ ਇਕ ਸਾਇਆ*
*ਸਾਏ ਸਾਹਮਣੇ ਜਾਪੀ*
*ਹੌਲ਼ੀ ਖੁਸ਼ੀ ਹਰ ਦਿਲ ਦੀ*
*ਸਮਝ ਹੀ ਨਾ ਆਈ*
*ਗੱਲ ਛੋਟੀ ਜਿਹੀ ।*

*ਕਿਉਂ ਕੋਈ ਦੇਖੇ*
*ਕਿਉਂ ਕੋਈ ਸੋਚੇ*
*ਦਿਲ ਦੇ ਦੁੱਖੜੇ ਕੋਈ*
*ਜਰਾ ਨੇੜੇ ਹੋਕੇ*
*ਕਿਸਦੇ ਕੋਲ ਹੈ*
*ਹੁਣ ਘੜੀ ਫ਼ੁਰਸਤ ਦੀ*
*ਸਮਝ ਹੀ ਨਾ ਆਈ*
*ਗੱਲ ਛੋਟੀ ਜਿਹੀ ।*

# ਮੈਂ

ਮੈਂ ਹਾਂ ਰੁੱਖ
ਨਹੀਂ .... ਰੁੱਖ ਨਹੀਂ
ਮੈਂ ਤਾਂ ਹਾਂ-
ਇੱਕਵੀਂ ਸਦੀ ਦਾ ਮਨੁੱਖ
ਰੂਪ ਮੇਰਾ ਹੈ ਰੁੱਖ ਵਰਗਾ
ਨਾਂ ਵੀ ਮੇਰਾ ਹੈ
ਦੁੱਖ ਵਰਗਾ
ਮੇਰੇ ਨਸੀਬ 'ਚ ਨਹੀਂ ਸੁੱਖ
ਮੈਂ ਹਾਂ ਰੁੱਖ
ਨਹੀਂ .... ਰੁੱਖ ਨਹੀਂ
ਮੈਂ ਤਾਂ ਹਾਂ-
ਇਕਵੀਂ ਸਦੀ ਦਾ ਮਨੁੱਖ ।
ਸਮਾਂ ਹੋਇਆ ਹੈ
ਮੈਂ ਸੋਚ ਰਿਹਾਂ ਹਾਂ
ਕਿ ਮੈਂ ਜਿਉਂਦਾ ਹਾਂ
ਜਾਂ ਮਰ ਚੁਕਾ ਹਾਂ ।
ਕੀ ਹਾਸਲ ਹੈ
ਅੱਜ ਤੀਕ
ਜੋ ਮੈਂ ਕਰ ਚੁੱਕਾ ਹਾਂ ।
ਮੈਂ ਆਪਣੀ ਲਾਸ਼ ਦਾ ਭਾਰ
ਆਪਣੇ ਮੋਢਿਆਂ 'ਤੇ ਚੁੱਕ ਕੇ
ਜਾ ਦਰ-ਬ-ਦਰ ਚੁੱਕਾ ਹਾਂ
ਆਪਣੀ ਤਕਦੀਰ ਹੱਥੋਂ
ਮੈਂ ਹਰ ਚੁੱਕਾ ਹਾਂ
ਮੈਂ ਮਰ ਚੁੱਕਾ ਹਾਂ
ਹਾਂ, ਮੈਂ ਮਰ ਚੁੱਕਾ ਹਾਂ ।

ਸਮਾਂ ਸੀ
ਜਦੋਂ ਮੈਂ ਜਿਉਂਦਾ ਸੀ
ਮੇਰੀ ਮੈਂ ਜਿਉਂਦੀ ਸੀ
ਮੇਰੇ 'ਤੇ ਵੀ ਬਹਾਰ ਆਉਂਦੀ ਸੀ
'ਮੈਂ' ਮੇਰੀ ਵੀ ਸੋਹਲੇ ਗਾਉਂਦੀ ਸੀ ।
ਫਿਰ ਇਕ ਦਿਨ ਹਨੇਰੀ ਚੱਲੀ
ਮੇਰੀ ਮੈਂ ਉਦਾਸ ਰਹਿਣ ਲੱਗੀ
'ਉਹ ਬਿਮਾਰ ਰਹਿਣ ਲੱਗੀ
ਬੀਮਾਰੀ ਉਸ ਨੂੰ ਕੀ ਸੀ
ਇਸ ਦੀ ਖ਼ਬਰ ਕਿਸੇ ਨੂੰ ਨਹੀਂ ਸੀ
ਉਦਾਸੀ ਮੇਰੀ ਮੈਂ ਲਈ ਸੀ।
ਫਿਰ ਇਕ ਦਿਨ
ਮੇਰੀ ਮੈਂ ਵੀ ਮਰ ਗਈ
ਉਦਾਸੀ ਮੇਰੀ ਤਲੀ 'ਤੇ ਧਰ ਗਈ
ਉਹ ਪੀੜਾਂ ਦੀ ਵਸੀਅਤ
ਮੇਰੇ ਨਾਮੇ ਕਰ ਗਈ।
ਹੁਣ ਮੇਰੀ ਮੈਂ ਨਹੀਂ
ਮੈਂ ਬਿਮਾਰ ਸੀ
ਹੁਣ ਮੇਰੇ ਲਈ
ਓਪਰਾ ਇਹ ਸੰਸਾਰ ਸੀ
ਹੁਣ ਪਤਝੜ ਮੇਰੀ ਸੀ
ਜੋ ਰੁੱਤ ਬਦਲੇ ਆਉਂਦੀ ਹੈ
ਨਾ ਉਹ ਮੇਰੀ ਬਹਾਰ ਸੀ
ਮੈਂ ਬਿਮਾਰ ਸਾਂ
ਬੇਜ਼ਾਰ ਸਾਂ ।
ਹੁਣ ਮੇਰੇ 'ਤੇ
ਹੋਣ ਲੱਗ ਪਏ ਤਜ਼ਰਬੇ
ਹੋਮੋਪੈਥਿਕ
ਐਲੋਪੈਥਿਕ
ਆਯੁਰਵੈਦਿਕ

ਪਰ ਮੇਰੀ ਮਰਜ ਦਾ ਇਲਾਜ
ਕਿਸੇ ਨੂੰ ਨਾ ਮਿਲਿਆ
ਮੁਸਕਾਨ ਦਾ ਫੁੱਲ
ਜੋ ਮੁਖ 'ਤੋਂ ਮੁਰਝਾ ਗਿਆ
ਉਹ ਫਿਰ ਨਾ ਖਿੜਿਆ।
'ਉਹ' ਜਿਉਂ ਜਿਉਂ
ਕਰਦੇ ਸਨ ਉਪਚਾਰ
ਤਿਉਂ ਤਿਉਂ ਮੇਰੇ ਸੀਨੇ 'ਚ
ਵੱਧਦੇ ਹੀ ਗਏ ਖ਼ਾਰ।
ਹੁਣ ਮੇਰੀ ਮਰਜ਼ ਦਾ ਇਲਾਜ
ਸਿਰਫ਼ ਮੌਤ ਸੀ
ਮੌਤ ਹੀ ਆਖ਼ਰੀ
ਮੇਰੇ ਲਈ ਸੀ ਉਪਚਾਰ ।
ਹੁਣ ਜੀਵਨ ਮੇਰੇ ਲਈ
ਸੰਤਾਪ ਸੀ
ਸਾਹ ਲੈਣਾ ਹੁਣ
ਮੇਰੇ ਲਈ ਪਾਪ ਸੀ
ਮੇਰੇ ਹੋਂਠੀ ਹੁਣ ਸੋਗ ਸੀ
ਵਿਰਲਾਪ ਸੀ
ਮੈਨੂੰ ਉਜਾੜਣ ਵਾਲਾ
ਮੇਰਾ ਮਸੀਹਾ ਆਪ ਸੀ ।
ਪੀੜ ਦੀ ਸੂਲੀ 'ਤੇ
ਲਾਸ਼ ਮੇਰੀ ਲਟਕ ਰਹੀ ਸੀ
ਮੇਰੇ ਲਈ ਔਖਾ ਸੀ ਪਰਖਣਾ
ਕੀ ਗਲਤ ਕੀ ਸਹੀ ਸੀ।
ਖ਼ਿਆਲ ਮੇਰੇ ਹੁਣ
ਨਿਰਾਸ਼ ਸਨ
ਮਰ ਚੁੱਕੇ ਸਨ
ਮੇਰੇ ਸਾਰੇ ਹੀ ਖ਼ਾਬ ।
ਅੱਖੀਆਂ 'ਚੋਂ ਹੁਣ
ਵਹਿੰਦੇ ਸਨ ਦੋ ਆਬ ।

*ਮੇਰੀ ਮੈਂ ਪਹਿਲਾ ਹੀ*
*ਮਰ ਚੁੱਕੀ ਸੀ*
*ਹੁਣ ਮੈਂ ਵੀ ਮਰ ਗਿਆ ਸਾਂ*
*ਪਰ ਫਿਰ ਵੀ*
*ਮੈਂ ਆਪਣੇ ਮੋਢਿਆਂ 'ਤੇ*
*ਆਪਣੀ ਹੀ ਲਾਸ਼ ਦਾ*
*ਭਾਰ ਢੋਅ ਰਿਹਾਂ ਹਾਂ।*
*ਸੁਣੋ ..... ਸੁਣੋ ... ਸੁਣੋ*
*ਦਾਨਿਸ਼ਵਰੋ ਜਰਾ ਸੁਣੋ*
*ਮੈਂ ਹਾਂ!*
*ਹਾਂ ... ਮੈਂ ਹੀ ਉਹ ਹਾਂ*
*ਇੱਕਵੀਂ ਸਦੀ ਦਾ ਬਸ਼ਰ*
*ਜੋ ਆਪਣੀ ਲਾਸ਼ ਦੇ ਸਰਹਾਣੇ ਬਹਿਕੇ*
*ਮਾਤਮ ਕਰ ਰਿਹਾ ਹਾਂ*
*ਰੋ ਰਿਹਾ ਹਾਂ ।*
*ਮੈਂ ਮਰ ਚੁੱਕਾ ਹਾਂ*
*ਫਿਰ ਵੀ ਜਿਉਂਦਾ ਹਾਂ*
*ਪਤਾ ਨਹੀਂ-*
*ਕਿੰਨਾਂ ਕੁ ਚਿਰ*
*ਇਸੇ ਹੀ ਤਰ੍ਹਾਂ*
*ਜਿਉਂਦਾ ਰਹਾਂਗਾ*
*ਆਪਣੀ ਹੀ ਮੌਤ ਦਾ*
*ਮਾਤਮ ਕਰਾਂਗਾ*
*ਆਪਣੀ ਹੀ ਮੌਤ ਦਾ*
*ਮਾਤਮ ਕਰਾਂਗਾ*
*ਆਪਣੀ ਹੀ ਮੌਤ ਦਾ*
*ਮਾਤਮ ਕਰਾਂਗਾ....।।*

# ਕੰਜਕਾਂ

*ਸੁਬ੍ਹਾ ਦਾ ਸੂਰਜ ਵਿਹੜੇ ਮੇਰੇ*
*ਪਾਉਂਦਾ ਜਦ ਆਕੇ ਫੇਰਾ*
*ਮੈਨੂੰ ਚੇਤਾ ਆਉਂਦਾ ਤੇਰਾ*
*ਉੱਡ ਜਾਂਦਾ ਖੰਭ ਲਾਕੇ ਮੁੱਖ 'ਤੋਂ ਖੇੜਾ*
*ਸੁਬ੍ਹਾ ਦਾ ਸੂਰਜ ਵਿਹੜੇ ਮੇਰੇ*
*ਪਾਉਂਦਾ ਜਦ ਆਕੇ ਫੇਰਾ.........।*

*ਪੰਜੇਬਾਂ ਛਣਕਾਉਂਦੀ ਛੰਮ-ਛੰਮ ਕਰਦੀ*
*ਲੰਘ ਜਾਂਦੀ 'ਵਾ ਮੇਰੇ ਕੋਲ ਦੀ*
*ਮੈਂ ਬਹਿ ਜਾਵਾਂ ਫੜ ਕਲੇਜਾ*
*ਨਜ਼ਰ ਰਾਵ੍ਹਾਂ 'ਚੋਂ ਨਕਸ਼ ਤੇਰੇ ਟੋਹਲਦੀ*
*ਕਿੱਦਾਂ ਮੈਂ ਲੁਕਾਵਾਂ, ਕਿੱਥੇ ਲੈ ਜਾਵਾਂ*
*ਆਪਣਾ ਇਹ ਉਦਾਸ ਜਿਹਾ ਚਿਹਰਾ*
*ਸੁਬ੍ਹਾ ਦਾ ਸੂਰਜ ਵਿਹੜੇ ਮੇਰੇ*
*ਪਾਉਂਦਾ ਜਦ ਆਕੇ ਫੇਰਾ..........।*

*ਬੀਤੇ ਵੇਲੇ ਦਾ ਜਦ ਕੋਈ ਪੰਛੀ*
*ਖ਼ਿਆਲ ਮੇਰੇ ਵਿੱਚ ਆਉਂਦਾ ਹੈ*
*ਚਰੂੰਡੇ ਅੱਲੇ ਜ਼ਖ਼ਮਾ ਤਾਂਈ 'ਉਹ'*
*ਨਾਲੇ ਸੁੱਤੀ ਪੀੜ ਜਗਾਉਂਦਾ ਹੈ*
*ਕੋਸ਼ਿਸ਼ ਕੀਤੀ ਪਰ ਨਾ ਭੁੱਲਿਆ ਮੈਨੂੰ*
*ਤੇਰੇ ਨਾਲ ਬਿਤਾਇਆ ਵਕਤ ਜਿਹੜਾ*
*ਸੁਬ੍ਹਾ ਦਾ ਸੂਰਜ ਵਿਹੜੇ ਮੇਰੇ*
*ਪਾਉਂਦਾ ਜਦ ਆਕੇ ਫੇਰਾ...........।*

*ਹੱਥ ਵਿੱਚ ਫੜਕੇ ਵੰਝਲੀ-*
*ਆਪਣੇ ਲੱਕ ਨਾਲ ਬੰਨਕੇ ਖੰਜਰੀ*
*ਕੰਨ ਪੜਵਾਕੇ ਢੂੰਢਦਾ ਹਾਂ ਤੈਨੂੰ*
*ਕਿੱਥੇ ਚਲੇ ਗਈ ਤੂੰ ਓ ਸਜਨੀ*
*ਗਲੀ ਗਲੀ ਦਰ ਦਰ ਭਟਕਾਂ ਮੈਂ*
*ਬਿਨ ਤੇਰੇ ਨਾ ਭਾਉਂਦਾ ਮੈਨੂੰ ਸਵੇਰਾ*
*ਸੁਬ੍ਹਾ ਦਾ ਸੂਰਜ ਵਿਹੜੇ ਸਾਡੇ*
*ਪਾਉਂਦਾ ਜਦ ਆਕੇ ਫੇਰਾ...........।*

*ਮਨ ਮੇਰੇ ਦੀਆਂ 'ਕੰਜਕਾਂ' ਨੇ ਲੱਗਦੈ*
*ਤੈਨੂੰ ਬਿਨ ਦੇਖੇ ਹੀ ਮਰ ਜਾਣਾ*
*ਮਨ ਮੇਰੇ ਨੇ 'ਕੰਜਕਾਂ' ਦੇ ਮਰਨ ਦਾ*
*ਚੁੱਪ ਚਾਪ 'ਕੱਲਿਆਂ ਹੀ ਸੋਗ ਮਨਾਣਾ*
*ਮੈਂ ਮੁਕ ਜਾਣਾ ਤੂੰ ਨਾ ਆਣਾ*
*ਛੋਹ ਤੇਰੀ ਨੂੰ ਰਹਿਣਾ ਤਰਸਦਾ ਵਿਹੜਾ*
*ਸੁਬ੍ਹਾ ਦਾ ਸੂਰਜ ਵਿਹੜੇ ਮੇਰੇ*
*ਪਾਉਂਦਾ ਜਦ ਆਕੇ ਫੇਰਾ...........।*

# ਕਾਸ਼

*ਪੋਹ ਫੁਟਦੇ ਹੀ ਮੈਂ ਉੱਠਕੇ*
*ਕਰਦਾ ਹਾਂ ਸੱਜਦਾ ਸੂਰਜ ਨੂੰ,*
*'ਤੇ ਇਹਦੀਆਂ ਸੁਨਹਿਰੀ ਕਿਰਨਾਂ*
*ਚੁੰਮਦੀਆਂ ਨੇ ਮੇਰਾ ਆਕੇ ਮੂੰਹ।*

*ਛੂਹੰਦੀ ਹੈ ਮੇਰੇ ਪਿੰਡੇ ਨੂੰ*
*ਚੜਦੇ ਪਾਸਿਓਂ ਆਉਂਦੀ ਹਵਾ,*
*ਕੰਨਾਂ 'ਚ ਰਸ ਘੋਲਦੀ ਹੈ*
*ਕੋਇਲ ਦੀ ਮਿੱਠੀ ਕੂ-ਹ-ਕੂ।*

*ਫਿਰ ਮੈਂ ਰੋਜ਼ੀ ਦੀ ਭਾਲ ਲਈ*
*ਘਰੋਂ ਟੁਰ ਜਾਂਦਾ ਹਾਂ,*
*'ਤੇ ਸਮੇਂ ਦੀ ਧੂੜ ਮੂੰਹ 'ਤੇ ਲੈਕੇ*
*ਸ਼ਾਂਮੀ ਮੁੜ ਆਂਦਾ ਹਾਂ ਘਰ ਨੂੰ।*

*ਸੂਰਜ ਤੈਹ ਕਰਕੇ ਆਪਣਾ ਸਫ਼ਰ*
*ਪੱਛਮ ਵਿੱਚ ਆਕੇ ਗਿਆ ਖਲੋ,*
*ਦੇਖ ਨਜ਼ਾਰੇ ਕੁਦਰਤੀ ਸੋਚਾਂ,*
*ਕਾਂਸ਼! ਹੁੰਦੀ ਕੋਲ ਮੇਰੇ ਵੀ ਤੂੰ ।*

*ਦੋਸ਼ ਤੇਰਾ ਨਹੀਂ, ਤਵਾਰੀਖ਼ ਗਵਾਹ ਹੈ*
*'ਮੰਗ' ਕਿਸੇ ਦੀ 'ਕੋਈ' ਲੈ ਜਾਂਦਾ,*
*ਰੂਹਾਂ ਕੀ ਨੇ, ਨਿਰੀ ਭਟਕਣ-*
*ਪਿਆਰ ਤਾਂ ਬਸ ਹੁਣ ਨਾਂ ਦਾ ਹੈ ।*

*ਕਦੇ ਕਦੇ ਤਾਂ ਤੇਰੇ ਹਿਜ਼ਰ ਦਾ ਗ਼ਮ*
*ਜਿਊਂਣ ਦੀ ਜਗਾਉਂਦਾ ਹੈ ਤਮੰਨਾ,*
*ਪਰ ਕਦੇ ਕਦੇ ਸੁਖ ਵੀ-*
*ਵੱਢ ਵੱਢ ਹੱਡਾਂ ਨੂੰ ਖਾਂਦਾ ਹੈ ।*

*ਮੈਂ ਦੇਖਿਆ ਨਹੀਂ, ਮਹਿਸੂਸਿਆ ਵੀ ਹੈ*
*ਜਦ ਜਿਉਂਦੇ 'ਜੀਅ' ਪਰ੍ਹੇ ਹਟ ਜਾਂਦੇ ਨੇ-*
*ਤਾਂ ਫਿਰ ਮੋਇਆਂ ਦਾ ਦਰਦ-*
*ਆਪ ਮੁਹਾਰੇ ਹੀ ਵੱਧ ਜਾਂਦਾ ਹੈ ।*

*ਸ਼ਾਇਦ ਭੁਲੇਖਾ ਹੈ ਇਹ ਵੀ ਮੇਰਾ*
*ਮਰਕੇ ਮੁੱਕ ਜਾਵੇਗੀ ਮੇਰੀ ਭਟਕਣ,*
*ਹਵਾ, ਪਾਣੀ, ਪੰਛੀ 'ਤੇ ਬੰਦਾ ਦੱਸ!*
*ਹੋਇਆ ਕਦੇ ਇਕ ਥਾਂ ਦਾ ਹੈ ।*

*ਦੁੱਖ ਇਸ ਗੱਲ ਦਾ ਨਹੀਂ ਹੈ ਕਿ*
*ਤੈਨੂੰ ਪ੍ਰਣਾਉਣ ਦੀ ਤਮੰਨਾਂ ਰਹਿ ਗਈ,*
*ਦੁੱਖ ਤਾਂ ਇਸ ਗੱਲ ਦਾ ਹੈ,*
*ਤੈਨੂੰ ਪ੍ਰਣਾਕੇ ਸਲਵਾਨ ਲੈ ਗਿਆ ।*

*ਦੁੱਖ ਇਸ ਗੱਲ ਦਾ ਨਹੀਂ ਹੈ ਕਿ*
*ਮੇਰੇ ਖ਼ਾਬਾਂ ਦਾ ਘਰ ਸੜ ਗਿਆ,*
*ਦੁੱਖ ਤਾਂ ਇਸ ਗੱਲ ਦਾ ਹੈ*
*ਤੂੰ ਆਪਣਾ ਘਰ ਕਿਉਂ ਨਾ ਸਾਂਭਿਆ ।*

*ਦੁੱਖ ਇਸ ਗੱਲ ਦਾ ਨਹੀਂ ਹੈ ਕਿ*
*ਆਈ ਨਾ ਮੇਰੇ ਜੀਵਨ 'ਚ ਪੁੰਨਿਆ,*
*ਦੁੱਖ ਤਾਂ ਇਸ ਗੱਲ ਦਾ ਹੈ*
*ਤੂੰ ਵੀ ਹੰਡਾਈ ਉਮਰ ਭਰ ਮੱਸਿਆ ।*

*ਦੁੱਖ ਇਸ ਗੱਲ ਦਾ ਨਹੀਂ ਹੈ ਕਿ*
*ਮੈਂ ਸਾਰੀ ਉਮਰ ਚੁੱਪ ਹੀ ਰਿਹਾਂ,*
*ਦੁੱਖ ਤਾਂ ਇਸ ਗੱਲ ਦਾ ਹੈ*
*ਤੂੰ ਵੀ ਗ਼ਮ ਆਪਣਾ ਨਾ ਦੱਸਿਆ ।*

*ਪਛਾਣ ਤਾਂ ਅੱਜ ਵੀ ਬੰਦੇ ਦੀ*
*ਰੰਗ 'ਤੇ ਨਸਲ ਤੋਂ ਹੀ ਹੁੰਦੀ ਹੈ,*
*ਭੇਸ ਬਦਲੇ ਅਸੀਂ, ਸੋਚ ਨਹੀਂ*
*ਕੈਸੀ ਇਹ ਤਰੱਕੀ, ਕੈਸੀ ਹੈ ਸੱਭਿਅਤਾ ।*

*ਮੈਂ ਤਾਂ ਕਾਫ਼ਰ ਹਾਂ, ਇਕੱਵੀਂ ਸਦੀ ਦਾ*
*ਮੈਨੂੰ ਦਿਓ ਸੂਲੀ ਦੀ ਸਜਾ,*
*ਕਿਉਂ ਜੋ ਮੈਂ ਇਸ ਧਰਤ 'ਤੇ ਆਕੇ*
*ਕੀਤਾ ਹੈ ਪਿਆਰ ਕਰਨ ਦਾ ਗੁਨਾਹ ।*

*ਚੰਗਾ ਹੁੰਦਾ, ਮੈਂ ਵੀ ਹੋਰਾਂ ਵਾਂਙੂ*
*ਪਿਆਰ ਨੂੰ ਸਮਝਦਾ ਖੇਲ ਜਿਸਮਾਂ ਦੀ,*
*ਚੰਗਾ ਹੁੰਦਾ ਮੈਂ ਵੀ ਖੇਲਦਾ ਨੰਗੀ ਖੇਲ,*
*ਖੇਲਕੇ ਤੈਨੂੰ ਦਿੰਦਾ ਮਨੋ ਭੁਲਾ ।*

*ਚੰਗਾ ਹੁੰਦਾ ਤੇਰੇ ਆਖੇ ਲੱਗਕੇ*
*ਕਰ ਲੈਂਦਾ ਸਮਝੌਤਾ ਹਲਾਤਾਂ ਨਾਲ,*
*ਚੰਗਾ ਹੁੰਦਾ ਤੇਰੇ ਵਾਂਙੂੰ ਭੁਲਾਕੇ ਅਤੀਤ*
*ਲੈਦਾ ਇਕ ਨਵੀਂ ਦੁਨੀਆਂ ਵਸਾ ।*

# ਗੀਤ

*ਮਾਏ ਨੀ ਮਾਏ ਸੁਣ ਮੇਰੀਏ ਮਾਏ*
*ਮੈਂ ਕੇਹੇ ਲੇਖ ਲਿਖਵਾਏ*
*ਮੈਂ 'ਤੇ ਹੱਸੇ ਇਹ ਜਗ ਚੰਦਰਾ*
*ਬਾਹਲੇ ਸਿਆਹ ਦੁੱਖਾਂ ਦੇ ਸਾਏ....।*

*ਚਰਖਾ ਡਾਹਕੇ ਕੱਤਣ ਜੋ ਬੈਠਾਂ*
*ਮੈਥੋਂ ਇਕ ਵੀ ਤੰਦ ਨਾ ਕੱਤਿਆ ਜਾਏ*
*ਘੁੰਮੇ ਚਰਖਾ ਘੂੰ-ਘੂੰ ਕਰਕੇ*
*ਨੀ ਮੈਨੂੰ ਯਾਦ ਸੱਜਣ ਦੀ ਆਏ*
*ਹੇਕ ਵਿਰਾਗਣ ਸੁਣ ਚੰਦਰੇ ਦੀ*
*ਨੀ ਮੇਰਾ ਬਾਹਲਾ ਚਿੱਤ ਘਬਰਾਏ.....।*

*ਸੰਗ ਸਖ਼ੀਆਂ ਬਹਿ ਪਿੱਪਲ ਦੀ ਛਾਂਵੇਂ*
*ਨੀ ਮੈਂ ਸਾਲੂ ਨੂੰ ਗੋਟੇ ਲਾਏ*
*ਸੂਹੀ ਫੁਲਕਾਰੀ ਸ਼ਗਨਾਂ ਵਾਲੀ 'ਤੇ*
*ਨੀ ਮੈਂ ਚਾਵਾਂ ਨਾਲ ਬਾਗ਼ ਬਣਾਏ*
*ਪਰ ਮੈਂ ਤੱਤੀ ਦੇ ਚਾਅ ਰਹੇ ਅਧੂਰੇ*
*ਸਭੇ ਵਸਤਰ ਰਹਿ ਗਏ ਧਰੇ ਧਰਾਏ.....।*

*ਮੈਂ ਨਾ ਨਾਹਤੀ ਮਲ਼ ਮਲ਼ ਵੱਟਣਾ*
*ਨਾ ਤੈਂ ਹੀ ਲਾਡ ਲਡਾਏ*
*ਟੂਠੀਆਂ ਵਾਲੇ ਕਲੀਰੇ ਨੀ ਅੰਮੀਏ*
*ਮੋਤੀ, ਗੱਦੀਆਂ, ਕੌਡਾਂ ਨਾਲ ਸ਼ਿੰਗਾਰੇ*
*ਮੈਂ ਕਮਬਖ਼ਤ ਕਲਜੋਗਣ ਨੇ ਨੀ*
*ਨਾ ਇਕ ਵਾਰੀ ਵੀ ਅੰਗ ਛੁਹਾਏ.....।*

*ਸੀਨੇ ਪੀੜ ਨੈਣਾਂ 'ਚ ਨੀਰ*
*ਨੀ ਹੋਂਠ ਗਏ ਪਥਰਾਏ*
*ਰੋਵਣ ਮੈਂ ਦੇ ਨਾਲ ਪੰਖ-ਪੰਖੇਰੂ*
*ਬਾਕੀ ਸਭੇ ਸਾਕ ਹੋਏ ਪਰਾਏ*
*ਮੁੱਠੀ ਵਿੱਚੋਂ ਰੇਤ ਦੇ ਵਾਂਙੂੰ*
*ਜ਼ਿੰਦ ਮਾਸਾ ਮਾਸਾ ਕਿਰਦੀ ਜਾਏ...।*

# ਯਾਦ

*ਯਾਦ !*
*ਹਾਂ, ਯਾਦ ਹੈ ਮੈਨੂੰ*
*ਜਦੋਂ ਮੇਰੇ ਸੁਫ਼ਨਿਆਂ ਦਾ ਸ਼ਹਿਰ*
*ਖ਼ੁਦ ਗਰਜ਼ੀ ਦੀਆਂ ਲਪਟਾਂ ਵਿੱਚ*
*ਬਲ ਰਿਹਾ ਸੀ ।*
*ਕੁਦਰਤ ਵੀ ਮਾਰਕੇ ਠਾਠੇ*
*ਵਰਸਾ ਰਹੀ ਸੀ ਮੇਰੇ 'ਤੇ ਕਹਿਰ ।*
*ਯਾਦ ਹੈ ਮੈਨੂੰ*
*ਜਦ ਮੈਂ*
*ਹਰ ਸ਼ਾਮ ਨੂੰ ਸੌਂ ਜਾਂਦਾ ਸੀ*
*ਇਕ ਨਵੀਂ ਸਵੇਰ ਦੀ ਉਡੀਕ ਵਿੱਚ ।*
*ਐਪਰ !*
*ਰਾਤ ਬੀਤਦੀ*
*ਸਵੇਰ ਹੁੰਦੀ*
*ਮੇਰੀ ਆਸ*
*ਆਸ ਹੀ ਰਹਿੰਦੀ*
*'ਉਹ' ਸਵੇਰ ਨਾ ਆਉਂਦੀ ।*
*ਯਾਦ ਹੈ ਮੈਨੂੰ*
*ਮਾਸਾ ਮਾਸਾ ਕਰਕੇ ਮਰਨਾ*
*ਮਰਨ ਲਈ ਜੀਣਾ*
*'ਤੇ ਜੀਣ ਲਈ ਮਰਨਾ*
*ਫਿਰ ਜੀਣਾ ਫਿਰ ਮਰਨਾ*
*ਬਸ ਇਹੀ ਸਿਲਸਿਲਾ ।*
*ਯਾਦ ਹੈ ਮੈਨੂੰ*
*ਜਦ ਮੇਰੀ ਖ਼ੁਦੀ*
*ਤਿਲ ਤਿਲ ਕਰਕੇ ਟੁੱਟੀ ਸੀ*
*ਜਦ ਮੇਰੀ ਦੁਨੀਆਂ*
*ਮੇਰੇ ਆਪਣਿਆਂ ਨੇ ਲੁੱਟੀ ਸੀ ।*
*ਯਾਦ ਹੈ ਮੈਨੂੰ*

*ਜਦ ਮੈਂ ਕਈ ਵਰ੍ਹੇ*
*ਆਪਣੀ ਹੀ ਲਾਸ਼ ਨੂੰ*
*ਆਪਣੇ ਮੋਢਿਆਂ 'ਤੇ ਚੁੱਕੀ ਫਿਰਦਾ ਰਿਹਾਂ ।*
*ਐਪਰ !*
*ਆਪਣੇ ਮਰਨ ਦਾ ਅਹਿਸਾਸ*
*ਨਾ ਹੋਣ ਦਿੱਤਾ ਕਿਸੇ ਨੂੰ ਵੀ ।*
*ਯਾਦ ਹੈ ਮੈਨੂੰ*
*ਉਹ ਵੇਲਾ ਵੀ*
*ਜਦ !*
*ਆਪਣੀ ਮੁਕਤੀ ਲਈ*
*ਹਰ ਪਲ ਦੁਆ ਕਰਨਾ*
*ਹਾਂ, ਮੁਕਤੀ ਲਈ ।*
*ਕਿਉਂਕਿ ਮੈਂ ਮਰ ਤਾਂ ਚੁੱਕਾਂ ਸੀ*
*ਕਈ ਮੁਦਤਾਂ ਪਹਿਲਾਂ*
*ਹੁਣ ਤਾਂ ਬਸ !*
*ਇਕ ਰੂਹ ਹੀ ਸੀ*
*ਜੋ ਭਟਕ ਰਹੀ ਸੀ*
*'ਤੇ ਮੰਗ ਰਹੀ ਸੀ ਦੁਆਵਾਂ*
*ਆਪਣੀ ਮੁਕਤੀ ਲਈ ।*
*ਯਾਦ ਹੈ ਮੈਨੂੰ*
*ਉਹ ਵੀ ਵੇਲਾ*
*ਜਦੋਂ ਮੈਂ ਮਰਿਆਂ ਸੀ*
*ਨਹੀਂ, ਮਰਿਆਂ ਨਹੀਂ ਸੀ*
*ਖ਼ੁਦਕਸ਼ੀ ਕੀਤੀ ਸੀ ਮੈਂ ।*
*ਖ਼ੁਦਕਸ਼ੀ !*
*ਇਕ ਪਾਪ*
*ਪਰ ਇਹ ਪਾਪ*
*ਉਸ ਜ਼ਿੰਦਗੀ ਨਾਲੋਂ ਖ਼ਰਾ ਸੀ*
*ਜੋ ਜ਼ਿੰਦਗੀ ਪਲ ਪਲ ਮਰਕੇ*
*ਜੀਵੀ ਜਾਵੇ।*
*ਹਾਂ, ਮੈਂ ਪਾਪੀ ਹਾਂ*
*ਕਿਉਂ ਕਿ ਮੈਂ ਖ਼ੁਦੀ ਨੂੰ ਮਾਰਿਆ*

*ਆਪਣੀ ਚਾਹ ਨੂੰ ਮਾਰਿਆ*
*ਆਪਣੇ ਸੁਫ਼ਨੇ ਮਾਰੇ*
*ਆਪਣੀ ਹਰ ਇਕ ਇੱਛਾ ਨੂੰ ਮਾਰਿਆ*
*'ਤੇ ਆਖ਼ਰ ਵਿੱਚ*
*ਖ਼ੁਦ ਨੂੰ ਮਾਰਿਆ ।*
*ਯਾਦ ਹੈ ਮੈਨੂੰ*
*ਆਪਣੀ ਉਮਰ ਦਾ*
*ਤੀਜਾ ਦਹਾਕਾ*
*ਉਦੋਂ ਮੈਂ ਜਿਉਂਦਾ ਸਾਂ*
*'ਤੇ ਮੇਰਾ 'ਆਦਮ' ਮਨ*
*ਸੀ ਕਿਸੇ 'ਹੱਵਾ' ਦੀ ਤਲਾਸ਼ ਵਿੱਚ*
*ਉਹ 'ਹੱਵਾ'*
*ਜੋ ਇਸ ਦੇ ਮੇਚਦੀ ਹੋਵੇ*
*ਜੋ ਇਸ ਨੂੰ ਸਮਝੇ ।*
*'ਤੇ ਫਿਰ ਇਕ ਦਿਨ*
*ਖ਼ਤਮ ਹੋਈ ਤਲਾਸ਼*
*ਮਿਲ ਗਈ 'ਹੱਵਾ' ।*
*ਤਾਰਿਆਂ ਦੀ ਛਾਂਵੇਂ ਬਹਿਕੇ*
*ਚਾਰ ਨੈਣਾਂ ਨੇ ਬੁਣੇ ਸੁਫ਼ਨੇ*
*ਐਪਰ!*
*ਸਮੇਂ ਦੀ ਸਿਆਣੀ ਵਿੱਚ*
*ਸਭ ਸੁਫ਼ਨੇ ਗੁੰਮ ਗਏ*
*'ਤੇ ਫਿਰ 'ਹੱਵਾ' ਚਲੇ ਗਈ*
*ਬੱਦਲਾਂ ਦੇ ਰੱਥ 'ਤੇ ਹੋਕੇ ਸਵਾਰ*
*'ਆਦਮ' ਰਹਿ ਗਿਆ*
*ਕਰਦਾ ਪੁਕਾਰ ।*
*ਯਾਦ ਹੈ ਮੈਨੂੰ*
*ਹਰ ਪਲ ਗੁੰਮ ਗੁੰਮ ਰਹਿਣਾ*
*ਲੱਭਣਾ ਕੋਈ ਨਾ ਕੋਈ ਬਹਾਨਾ*
*'ਕੱਲੇ ਰਹਿਣ ਦਾ ।*

*ਯਾਦ ਹੈ ਮੈਨੂੰ !*
*ਹਾਂ, ਚੰਗੀ ਤਰ੍ਹਾਂ ਯਾਦ ਹੈ ਮੈਨੂੰ*
*ਵਕਤ ਦੇ ਨਾਲ ਨਾਲ*
*ਜਦ ਘੱਟਦੇ ਜਾਅ ਰਹੇ ਸੀ ਮੇਰੇ ਵੀ ਸਾਹ*
*ਉਦੋਂ ਹੀ*
*ਮੇਰੀ ਖ਼ੁਦੀ ਦੇ ਮਰਨ ਦੀ ਖ਼ਬਰ*
*ਜਾ ਪਹੁੰਚੀ 'ਹੱਵਾ' ਦੇ ਕੰਨਾਂ ਤੀਕ*
*'ਤੇ ਉਹ ਆਈ*
*ਬਣਕੇ ਚਾਨਣ ਦੀ ਲੀਕ*
*ਪਰ ਹੁਣ*
*ਖ਼ਤਮ ਹੋ ਚੁੱਕਾ ਸੀ ਸਭ ਖੇਲ*
*ਹੋਇਆ ਮੁੜ ਜਦ 'ਹੱਵਾ' ਨਾਲ*
*ਮੇਰਾ ਮੇਲ......॥*

# ਚੁੱਪ ਦਾ ਸਫ਼ਰ

*ਇਹ ਤਾਂ ਮੇਰੇ
ਚਿੱਤ ਚੇਤੇ ਵੀ ਨਹੀਂ ਸੀ
ਕਿ ਤੇਰੀ ਮੁੱਹਬਤ
ਮੇਰੇ ਮੱਥੇ 'ਤੇ
ਬਲਦਾ ਸੂਰਜ ਰੱਖਣ ਦੀ ਥਾਵੇਂ
ਸੋਚ ਦਾ ਸੁਲਘਦਾ
ਦੀਵਾ ਧਰ ਜਾਵੇਗੀ ।
ਮੈਂ ਤਾਂ ਸੋਚਿਆ ਸੀ
ਕਿ ਤੂੰ ਮੇਰੇ ਨਾਲ
'ਅਨੰਤ ਕਾਲ' ਤੱਕ ਰਹੇਂਗੀ ।
ਇਹ ਤਾਂ ਮੇਰੇ
ਚਿੱਤ ਚੇਤੇ ਵੀ ਨਹੀਂ ਸੀ
ਕਿ ਆਪਣੀ ਜ਼ਿੰਦਗੀ ਦੇ
ਪਲੇਠੇ ਪੜਾਅ 'ਤੇ ਹੀ
ਮੈਂ 'ਕੱਲਾ ਹੋ ਜਾਵਾਂਗਾ ।
ਇਹ ਤਾਂ ਸੋਚਿਆ ਸੀ
ਕਿ ਤੂੰ ਮੇਰੇ ਨਾਲ ਹੋਵੇਂਗੀ
ਪਰ ਇਹ ਚਿੱਤ ਚੇਤੇ ਨਹੀਂ ਸੀ
ਕਿ ਤੂੰ ਮੇਰੇ ਨਾਲ
'ਦੋ ਸਮਾਨ ਅੰਤਰ ਰੇਖਾਵਾਂ' ਦੀ ਤਰ੍ਹਾਂ ਰਹੇਂਗੀ
ਜੋ ਨਾਲ ਨਾਲ ਹੁੰਦਿਆਂ ਹੋਇਆਂ ਵੀ
ਬਹੁਤ ਦੂਰ ਹੁੰਦੀਆਂ ਹਨ ।
ਇਹ ਤਾਂ ਭਾਸ ਸੀ ਮੈਨੂੰ
ਕਿ ਸਾਡੇ ਵਿੱਚ ਕੋਈ ਆਵੇਗਾ
'ਤੇ ਅਸੀਂ-
ਇਕ ਤੋਂ ਦੋ ਹੋ ਜਾਵਾਂਗੇ
ਪਰ ਇਹ ਚਿੱਤ ਚੇਤੇ ਵੀ ਨਹੀਂ ਸੀ
ਕਿ ਮੈਂ ਖ਼ੁਦ ਹੀ
ਦੋ ਹਿੱਸਿਆ 'ਚ ਵੰਡਿਆ ਜਾਵਾਂਗਾ।
ਹਾਂ !
ਦੋ ਹਿਸਿਆਂ ਵਿੱਚ*

*ਉਹ ਦੋ ਹਿੱਸੇ*
*ਜੋ ਕਦੇ ਵੀ ਆਪਸ 'ਚ ਨਹੀਂ ਮਿਲਣਗੇ*
*ਹਾਂ !*
*ਦੋ ਹਿੱਸੇ*
*ਇਕ ਹਿੱਸਾ*
*ਜੋ ਦੁਨੀਆਂ ਦੇ ਨਾਲ ਨਾਲ ਚੱਲੇਗਾ*
*ਮੁਸਕਰਾਉਂਦਾ*
*ਦੁਨੀਆਵੀ ਕਾਫ਼ਲੇ ਵਿੱਚ*
*ਸ਼ਾਮਿਲ ਹੋ ਕੇ ਤੁਰਿਆ ਰਹੇਗਾ ।*
*'ਤੇ ਦੂਜਾ ਹਿੱਸਾ*
*ਮੇਰਾ ਅੰਦਰੂਨੀ ਹਿੱਸਾ*
*ਜੋ ਖ਼ੁਦ ਗ਼ਰਜ਼ੀ ਦੀ ਭੀੜ 'ਚ*
*ਗੁੰਮ ਜਾਵੇਗਾ ।*
*ਉਹ ਹਿੱਸਾ*
*ਜੋ ਥੱਕ ਜਾਵੇਗਾ*
*ਹਾਰ ਜਾਵੇਗਾ*
*ਅਕਲਾਂ ਵਾਲਿਆਂ ਤੋਂ*
*'ਤੇ ਰਾਹ 'ਚ ਬਹਿ ਜਾਵੇਗਾ ।*
*ਉਹ ਹਿੱਸਾ*
*ਜੋ ਮੇਰੇ ਤੋਂ*
*ਕਈ ਕੋਹਾਂ ਪਿੱਛੇ ਰਹਿ ਜਾਵੇਗਾ ।*
*ਹੁਣ ਤਾਂ ਉਸ ਦੀ ਮੈਨੂੰ*
*ਕੋਈ ਕਨਸੋ ਵੀ ਨਹੀਂ*
*ਖ਼ੌਰੇ ਕਿੱਥੇ ਹੋਵੇਗਾ 'ਉਹ'*
*ਖ਼ਬਰੇ ਹੁਣ ਉਹ*
*ਜਿਊਂਦਾ ਵੀ ਹੈ*
*ਜਾਂ ਮਰ ਮੁੱਕ ਗਿਆ 'ਉਹ'*
*ਮੈਨੂੰ ਕੁਝ ਪਤਾ ਨਹੀਂ*
*ਸ਼ਾਇਦ ਮਰ ਹੀ ਗਿਆ ਹੋਵੇਗਾ ।*
*ਮੈਂ ਤਾਂ ਕੁਝ ਕੁ ਪਲਾਂ ਦੀ ਹੀ*
*ਖ਼ਾਹਿਸ਼ ਰੱਖੀ ਸੀ*
*ਜੋ ਮੇਰੀ ਜ਼ਿੰਦਗੀ ਦੇ ਯਾਦਗਾਰ ਬਣਨ*
*ਨਾ ਕਿ*
*ਸਾਲ, ਦਹਾਕੇ, ਸਦੀਆਂ ਦੀ ।*

ਪਰ ਇਹ ਚਿੱਤ ਚੇਤੇ ਨਹੀਂ ਸੀ
ਕਿ ਜੀਵਨ 'ਚ ਸਿਰਫ਼
ਉਦਾਸੇ, ਸਿੱਲੇ ਦਿਨ ਹੀ ਆਉਣਗੇ ।
ਮੈਂ ਤਾਂ ਸੋਚਿਆ ਸੀ
ਮੇਰੀ ਸੋਚ ਦਾ ਸੂਰਜ
ਚਮਕੇਗਾ ਇਕ ਦਿਨ
ਪਰ ! ਇਹ ਚਿੱਤ ਚੇਤੇ ਨਹੀਂ ਸੀ
ਕਿ ਉਮਰ ਦਾ ਅਸਮਾਨ ਹੀ
ਨਿਰਾਸ਼ਾ ਦੇ ਬੱਦਲ਼ਾਂ ਨਾਲ ਭਰ ਜਾਵੇਗਾ
'ਤੇ ਮੇਰੀ ਸੋਚ ਦੇ ਸੂਰਜ ਨੂੰ
ਨਿਰਾਸ਼ਾ ਦਾ ਗ੍ਰਹਿਣ ਲੱਗ ਜਾਵੇਗਾ ।
ਮੈਂ ਤਾਂ ਸੋਚਿਆ ਸੀ
ਜੀਵਨ 'ਚ ਬਹੁਤ ਸਫ਼ਰ ਕਰਾਂਗਾ
ਪਰ ਇਹ ਚਿੱਤ ਚੇਤੇ ਨਹੀਂ ਸੀ
ਕਿ ਮੈਥੋਂ
'ਮੈਂ' ਤੋਂ 'ਮੈਂ' ਤੱਕ ਦਾ ਸਫ਼ਰ ਵੀ
ਤਹਿ ਨਹੀਂ ਹੋਵੇਗਾ ।
ਤੇਰੇ ਤਾਂ ਮੇਰੇ ਵਿਚਲਾ ਫ਼ਾਸਲਾ ਵੀ
ਤਹਿ ਕਰਦੇ ਕਰਦੇ
ਮੈਨੂੰ ਕਈ ਮੌਸਮ ਗੁਜ਼ਰ ਜਾਣਗੇ ।
ਸ਼ਾਇਦ ਮੈਂ ਮੁਕ ਜਾਵਾਂਗਾ
ਪਰ ਤੇਰੇ ਤਾਂ ਮੇਰੇ ਵਿਚਲਾ ਫ਼ਾਸਲਾ
ਮੈਥੋਂ ਤਹਿ ਨਹੀਂ ਹੋਵੇਗਾ
ਕਿਉਂਕਿ ਇਹ ਸਫ਼ਰ
ਸੋਚ ਦਾ ਸਫ਼ਰ ਹੈ
ਚੁੱਪ ਦਾ ਸਫ਼ਰ ਹੈ ।
ਉਹ ਚੁੱਪ
ਜੋ ਤੇਰੇ 'ਤੇ ਮੇਰੇ ਵਿੱਚ ਹੈ
ਇਹ ਚੁੱਪ ਸੋਚਾਂ 'ਚ ਹੈ ।
ਮੀਲਾਂ ਦਾ ਫ਼ਾਸਲਾ
ਤਹਿ ਕਰਨਾ ਅਸਾਨ ਹੈ
ਪਰ ਸੋਚਾਂ ਦਾ ਸਫ਼ਰ
ਤਹਿ ਕਰਨਾ ਬਾਹਲ਼ਾ ਔਖਾ ਹੁੰਦਾ ।
ਇਸ ਸਫ਼ਰ ਨੂੰ ਤਹਿ ਕਰਦੇ ਕਰਦੇ

*ਕਈ ਖ਼ੁਦੀਆਂ ਮੁੱਕ ਗਈਆਂ*
*ਕਈ ਜੀਵਨ ਮੁੱਕ ਗਏ*
*ਪਰ ਇਹ ਸਫ਼ਰ ਨਾ ਮੁੱਕਿਆ ।*
*ਮੈਂ ਵੀ ਮੁੱਕ ਜਾਵਾਂਗਾ*
*ਇਹ ਸਫ਼ਰ ਤਹਿ ਕਰਨ ਦੀ ਕੋਸ਼ਿਸ਼ ਵਿੱਚ*
*ਪਰ ਇਹ ਸਫ਼ਰ ਨਹੀਂ ਮੁੱਕੇਗਾ ।*
*ਮੈਂ ਜਾਣਦਾ ਹਾਂ*
*ਹੁਣ ਮੈਂ 'ਤੇ ਤੂੰ*
*ਨਾਲ ਨਾਲ ਹੁੰਦਿਆਂ ਹੋਇਆਂ ਵੀ*
*ਨਹਿਰ ਦੇ ਕਿਨਾਰਿਆਂ ਦੀ ਤਰ੍ਹਾਂ*
*ਦੂਰ ਹਾਂ !*
*ਬੇਸ਼ਕ ਨਾਲ ਨਾਲ ਹਾਂ*
*ਇਕ ਦੂਜੇ ਨੂੰ ਤੱਕਦੇ ਹਾਂ*
*ਇਕ ਦਿਸ਼ਾ ਵੱਲ ਦੇਖਦੇ ਹਾਂ*
*ਨਾਲ ਨਾਲ ਤੁਰਦੇ ਹਾਂ*
*ਐਪਰ!*
*ਨਾਲ ਨਾਲ ਹੀ ਹਾਂ*
*ਮਹਿਜ਼ ਨਾਲ ਨਾਲ ਹੀ*
*'ਉਹ' ਪਹਿਲਾ ਵਾਲੀ ਗੱਲ ਨਹੀਂ*
*'ਉਹ' ਅੰਦਰੂਨੀ ਸਾਂਝ ਨਹੀਂ*
*ਨਜ਼ਰਾਂ 'ਚ ਇਕ ਦੂਜੇ ਲਈ*
*'ਉਹ' ਜਜ਼ਬਾ ਨਹੀਂ*
*ਬਸ ਹੁਣ ਮੈਂ 'ਤੇ ਤੂੰ*
*ਨਾਲ ਨਾਲ ਹਾਂ*
*ਨਹਿਰ ਦੇ ਕਿਨਾਰਿਆਂ ਦੀ ਤਰ੍ਹਾਂ*
*ਦੋ ਸਮਾਨ ਅੰਤਰ ਰੇਖਾਵਾਂ ਦੀ ਤਰ੍ਹਾਂ ।*
*ਹੁਣ ਮੈਂ 'ਤੇ ਤੂੰ*
*ਚਾਹਕੇ ਵੀ ਨਹੀਂ ਮਿਲ ਸਕਦੇ*
*ਕਿਉਂਕਿ ਤੂੰ ਪਾਰ ਏ*
*'ਤੇ ਮੈਂ ਆਰ ਹਾਂ*
*'ਤੇ ਸਾਡੇ ਵਿਚਕਾਰ ਹੈ*
*ਚੁਪ ਦਾ ਸਫ਼ਰ*
*ਜੋ ਅਮੁੱਕ ਹੈ ।।*

# ਲਾਵਾ

*ਬੰਜ਼ਰ ਧਰਤੀ*
*ਖ਼ਾਲੀ ਅਸਮਾਨ ਦਾ*
*ਭਲਾ ਹੁਣ ਕੀ ਕਰੀਏ।*
*ਕੰਕਰੀਟ ਦੇ ਜੰਗਲ ਅੰਦਰ*
*ਮਾਸ ਦੇ ਬਣੇ*
*ਰੁੱਖਾਂ ਦੀ ਛਾਵੇਂ*
*ਬੈਠ ਕੇ ਤਪੀਏ*
*ਤੁਰਦੇ ਵੀ ਖਪੀਏ।*
*ਇਸ ਜੰਗਲ ਨੂੰ*
*ਛੱਡਕੇ!*
*ਕਿੱਥੇ  ਜਾਈਏ*
*ਕੀ ਕਰੀਏ*
*ਕਿੱਦਾਂ ਜੀਈਏ*
*ਕਿੱਥੇ ਮਰੀਏ*
*ਭਲਾ ਹੁਣ ਕੀ ਕਰੀਏ।*
*ਸਿਰਜਨਾ ਤੋਂ ਸਖ਼ਣੀ*
*ਸੋਚ ਬਚਾਈਏ*
*ਜਾਂ ਇਸਨੂੰ*
*ਕਿਸੇ ਹੋਰ ਦੇ*
*ਪੱਲੇ ਪਾਈਏ*
*ਸਮਝ ਨਾ ਆਵੇ*
*ਕੀ ਕਰੀਏ*
*ਕਿਸਨੂੰ ਕਹੀਏ*
*ਕਿਸਦੀ ਸੁਣੀਏ।*
*ਭਲਾ ਹੁਣ ਕੀ ਕਰੀਏ।*
*ਸਿਰ ਅੰਦਰ*

*ਸੁਲਘਦੇ ਲਾਵੇ ਨੂੰ*
*ਕਿੱਦਾਂ ਸਾਂਭੀਏ*
*ਕਿੱਥੇ ਲੈ ਜਾਈਏ*
*ਕਿੱਦਾਂ ਇਸਦੀ*
*ਤਪਸ਼ ਮੁਕਾਈਏ*
*ਜਾਂ ਚੁੱਪ ਚਪੀਤੇ*
*ਇਸ ਵਿਚ ਹੀ*
*ਗ਼ਰਕ ਜਾਈਏ*
*ਆਪਣੇ ਆਪ ਨੂੰ*
*ਮਾਰ ਮੁਕਾਈਏ*
*ਇਸ ਕੰਕਰੀਟ ਦੇ*
*ਜੰਗਲ ਵਿਚੋਂ*
*ਮਨਫ਼ੀ ਹੋ ਜਾਈਏ*
*ਨਜ਼ਰ ਨਾ ਆਈਏ*
*ਕੇਵਲ ਬੀਤੇ ਦੀ*
*ਗੱਲ ਹੋ ਜਾਈਏ*
*ਪਰ!*
*ਇਹ ਕਰਨੋਂ ਵੀ ਡਰੀਏ*
*ਤਾਂ ਫਿਰ ਕੀ ਕਰੀਏ*
*ਬੰਜ਼ਰ ਧਰਤੀ*
*ਖ਼ਾਲੀ ਅਸਮਾਨ ਦਾ*
*ਭਲਾ ਹੁਣ ਕੀ ਕਰੀਏ।*



ਜਸਵਿੰਦਰ ਸਮਰਾਲੀ ਪੰਜਾਬੀ ਸ਼ਾਇਰੀ ਦਾ ਇਕ ਉੱਭਰਦਾ ਹਸਤਾਖ਼ਰ ਹੈ। 'ਪੱਤਝੜ' ਉਸਦਾ ਪਹਿਲਾ ਕਾਵਿ ਸੰਗ੍ਰਹਿ ਹੈ। ਉਸਦੀ ਸਮੁੱਚੀ ਕਵਿਤਾ ਆਧੁਨਿਕ ਮਨੁੱਖ ਦੀ ਵੇਦਨਾ ਦਾ ਪ੍ਰਗਟਾਵਾ ਹੈ। .......... ਇਹ ਉਸਦੇ ਡੂੰਘੇ ਆਤਮਿਕ ਰੰਗ ਵਿੱਚੋਂ ਪੈਦਾ ਹੁੰਦੀ ਹੈ। ਮਨੁੱਖੀ ਜ਼ਿੰਦਗੀ ਵਿਚਲਾ ਖ਼ਲਾਅ 'ਤੇ ਭਟਕਣ ਉਸਦੀ ਕਵਿਤਾ ਦੇ ਪ੍ਰੇਰਣਾ ਸਰੋਤ ਹਨ ਉਹਨਾਂ ਦੇ ਸੀਨੇ ਵਿੱਚ ਧੁਖਦੇ ਜਜ਼ਬਾਤ ਕਿਸੇ ਇਤਿਹਾਸ ਨੂੰ ਜਨਮ ਦੇਣਾ ਲੋਚਦੇ ਹਨ। ਉਹਨਾਂ ਦੀ ਮਾਨਸਿਕ ਪੀੜਾ ਉਹਨਾਂ ਦੇ ਅੰਦਰ ਦੀ ਤੜਪ ਉਹਨਾਂ ਨੂੰ ਇਕ ਥਾਂ ਟਿਕ ਕੇ ਨਹੀਂ ਬੈਠਣ ਦਿੰਦੀ। ਉਹ ਇਸ ਪੀੜਾ ਦੀ ਨਵਿਰਤੀ ਚਾਹੁੰਦੇ ਹੋਏ ਆਖਦੇ ਹਨ ....

ਇਕਲਾਪੇ ਤੋਂ ਤੰਗ ਆ ਕੇ ਸੋਚਾਂ
ਮੈਂ ਦੂਰ ਕਿੱਧਰੇ ਚਲਿਆ ਜਾਵਾਂ
ਜਿੱਥੇ ਜਾਣੇ ਨਾ ਮੈਨੂੰ ਮੇਰਾ ਆਪਾ ਵੀ
ਨਾ ਹੀ ਜਾਣੇ ਕੋਈ ਮੇਰਾ ਸਰਨਾਵਾਂ......

***ਉਸਦੀ ਕਵਿਤਾ ਸਿਰਫ ਕਿਸੇ ਦੀ ਯਾਦ ਵਿੱਚ ਹੀ ਸ਼ਾਮ ਵੇਲੇ ਇਕੱਲਿਆਂ ਬੈਠਕੇ ਲਿਖੀ ਕਵਿਤਾ ਨਹੀਂ ਹੈ ਬਲਕਿ ਇਹ ਤਾਂ ਇਕ ਤੜਪਦੀ ਰੂਹ ਦਾ ਵਿਰਲਾਪ ਹੈ। ਇਹਨਾਂ ਵਿਚਲੀ ਤੜਪ,ਭਟਕਣ, ਉਦਾਸੀ ਕਿਸੇ ਇਕ ਮਨ ਦੀ ਤੜਪ, ਭਟਕਣ ਜਾਂ ਉਦਾਸੀ ਨਹੀਂ ਇਹ ਤਾਂ ਹਰ ਉਸ ਮਨ ਦੀ ਗੱਲ ਕਰਦੇ ਹਨ ਜਿਸਨੇ ਜ਼ਿੰਦਗੀ ਦੇ ਰਾਹ ਦਾ ਹਰ ਰੋੜਾ ਚੁਗਣ ਦੀ ਕੋਸ਼ਿਸ਼ ਕੀਤੀ ਹੋਵੇ।..........***

ਸੁਖਵਿੰਦਰ (ਐਮ.ਏ.ਐਮ. ਫਿਲ. ਪੰਜਾਬੀ)

..........ਗੀਤਾਂ ਵਿੱਚ ਲੋਕ-ਗੀਤਾਂ ਵਾਲੀ ਮੁਹਾਰ 'ਤੇ ਸਾਦਗੀ ਹੈ। ਲੰਮੀਆਂ ਨਜ਼ਮਾਂ ਉਸਦੀ ਕਾਵਿ-ਸੂਝ ਦਾ ਪ੍ਰਗਟਾ ਹਨ। ਸਭਿਆਚਾਰਕ ਬਿੰਬਾਂ 'ਤੇ ਪ੍ਰਤੀਕਾਂ ਦੀ ਵਰਤੋਂ ਕਾਵਿ ਨੂੰ ਸੁਹਜਾਤਮਕ ਬਣਾਉਂਦੀ ਹੈ। ਅਸੀਂ 'ਪੱਤਝੜ' ਵਿੱਚ ਪੇਸ਼ ਕੀਮਤ ਪਾਸਾਰਾਂ ਦੀ ਗੱਲ ਕਰੀਏ ਤਾਂ ਜਸਵਿੰਦਰ ਦੀ ਵਿਚਾਰਾਤਮਕ ਪ੍ਰਕਿਰਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।.....................ਉਹ ਮਰਦ ਕਵੀ ਹੋਣ ਦੇ ਬਾਵਜੂਦ ਵੀ ਇਸਤਰੀ ਮਨ ਦੀ ਵੇਦਨਾ ਨੂੰ ਜਿਸ ਸ਼ਿੱਦਤ ਨਾਲ ਮਹਿਸੂਸਦਾ 'ਤੇ ਬਿਆਨਦਾ ਹੈ, ਉਸਤੋਂ ਉਸਦੀ ਅੰਤਰਮੁਖਤਾਵਾਦੀ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ। ਕਾਵਿ-ਪੁਸਤਕ ਵਿਚ ਦਰਜ 'ਹਲਫ਼ਨਾਮਾ' ਨਾਮੀ ਕਵਿਤਾ ਸ਼ਾਇਦ ਪੰਜਾਬੀ ਵਿੱਚ ਆਪਣੀ ਕਿਸਮ ਦੀ ਅਜਿਹੀ ਪਹਿਲੀ ਕਵਿਤਾ ਹੈ, ਜਿਸ ਵਿਚ ਇਕ ਮਰਦ ਇਤਿਹਾਸ,ਮਿਥਿਹਾਸ 'ਤੇ ਸਮਕਾਲ ਵਿੱਚ ਔਰਤ ਨਾਲ ਹੋਏ ਅਨਿਆਂ ਨੂੰ ਬਿਆਨਦਾ ਹੋਇਆ, ਇਸ ਅਨਿਆਂ ਤੇ ਅੱਤਿਆਚਾਰ ਦਾ ਦੋਸ਼ੀ 'ਖੁਦ' ਮਰਦ ਨੂੰ ਕਬੂਲਦਾ ਹੈ ਅਤੇ ਆਪਣੇ ਗੁਨਾਹਾਂ ਦਾ ਪਸ਼ਚਾਤਾਪ ਕਰਨਾ ਲੋਚਦਾ ਹੈ.......

ਮਨਜੀਤ ਕੌਰ (ਐਮ.ਏ.ਐਮ.ਫਿਲ.)

ਪੱਤਝੜ (ਕਾਵਿ ਸੰਗ੍ਰਹਿ) ਜਸਵਿੰਦਰ ਦਾਖਾ